




# ਸੋ ਦਰੁ
## ਵਿਖੰਡਤ ਮਾਨਵ ਦਾ ਵਿਵਸਥਿਤ ਹੋਂਦ ਵਿਚ ਰੂਪਾਂਤਰਨ ਅਤੇ ਉਤਰ-ਮਾਨਵਵਾਦੀ ਪ੍ਰਵਚਨ



**ਸੁਖਮਨਪ੍ਰੀਤ ਕੌਰ**
ਖੋਜਾਰਥੀ
ਪੰਜਾਬੀ ਵਿਭਾਗ
ਪੰਜਾਬ ਕੇਂਦਰੀ
ਯੂਨੀਵਰਸਿਟੀ, ਬਠਿੰਡਾ



**ਡਾ. ਰਮਨਪ੍ਰੀਤ ਕੌਰ**
ਐਸੋਸੀਏਟ ਪ੍ਰੋਫ਼ੈਸਰ
ਅਤੇ ਮੁਖੀ
ਪੰਜਾਬੀ ਵਿਭਾਗ
ਪੰਜਾਬ ਕੇਂਦਰੀ
ਯੂਨੀਵਰਸਿਟੀ, ਬਠਿੰਡਾ

I

ਜਦੋਂ ਅਸੀਂ ਮਨੁੱਖ ਦੀ ਵਿਕਾਸ ਯਾਤਰਾ ਦੇ ਸਮਾਨਾਂਤਰ ਮਾਨਵੀ ਗਿਆਨ-ਚੇਤਨਾ ਦੀ ਵਿਕਾਸ ਪ੍ਰਕਿਰਿਆ ਨੂੰ ਦੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਮਾਨਵੀ ਜੀਵਨ-ਯਥਾਰਥ ਨੂੰ ਜਾਨਣ ਅਤੇ ਸਮਝਣ ਦੀਆਂ ਅੰਤਰ-ਦ੍ਰਿਸ਼ਟੀਆਂ ਤੇ ਪ੍ਰਤੀਮਾਨ ਨਿਰੰਤਰ ਬਦਲਦੇ ਰਹੇ ਹਨ। ਜਿਵੇਂ ਕਿ ਮੁੱਢਲੇ ਦੌਰ ਵਿਚ ਧਰਮ ਦੀ ਪ੍ਰਧਾਨਤਾ ਕਾਰਨ ਅਧਿਆਤਮਕ ਦ੍ਰਿਸ਼ਟੀਕੋਣ ਦਾ ਬੋਲਬਾਲਾ ਸੀ। ਬਾਅਦ ਵਿਚ ਜਦੋਂ ਪਦਾਰਥਕਤਾ ਨੇ ਕੇਂਦਰੀ ਸਥਾਨ ਗ੍ਰਹਿਣ ਕੀਤਾ ਤਾਂ ਭੌਤਿਕ ਪਦਾਰਥਵਾਦ ਵਰਗੇ ਸੰਕਲਪ ਹੋਂਦ ਵਿਚ ਆਏ। ਇਸੇ ਤਰ੍ਹਾਂ ਅਗਲੇਰੇ ਪੜਾਅ 'ਤੇ ਭਾਸ਼ਾ ਦੇ ਕੇਂਦਰੀ ਸਥਾਨ ਹਾਸਿਲ ਕਰ ਲੈਣ ਨਾਲ ਜੀਵਨ ਯਥਾਰਥ ਨੂੰ ਚਿਹਨ-ਸੰਰਚਨਾਵਾਂ ਦੇ ਰੂਪ ਵਿਚ ਸਮਝਣ ਦੀ ਦ੍ਰਿਸ਼ਟੀ ਦਾ ਆਗਾਜ਼ ਹੋਇਆ। ਫਿਰ ਜਦੋਂ ਭਾਸ਼ਾ ਤੋਂ ਵੀ ਪਾਰ ਗਿਆਨ-ਚੇਤਨਾ ਵਾਲੇ ਚਿੰਤਨ ਦਾ ਪਸਾਰ ਹੋਇਆ ਤਾਂ ਵਿਰਚਨਾਵਾਦ ਵਰਗੇ ਸਿਧਾਂਤ ਸਾਹਮਣੇ ਆਏ, ਜਿਨ੍ਹਾਂ ਨੇ ਜੀਵਨ ਯਥਾਰਥ ਵਿਚਲੀਆਂ ਸਥਾਪਿਤ ਚਿਹਨ ਸੰਰਚਨਾਵਾਂ ਨੂੰ ਤੋੜ ਕੇ ਦੇਖਣ ਵਾਲੀ ਵਿਖੰਡਿਤ ਦ੍ਰਿਸ਼ਟੀ ਨੂੰ ਸਿਰਜਣ ਦਾ ਕਾਰਜ ਕੀਤਾ। ਇਸ ਵਿਖੰਡਿਤ ਦ੍ਰਿਸ਼ਟੀ ਨੇ ਬਹੁ-ਪਹਿਚਾਣਾਂ ਦੀ ਸਥਿਤੀ ਨੂੰ ਸਿਰਜਿਆ ਜਿਹੜਾ ਮਨੁੱਖੀ ਚੇਤਨਾ ਦੀ ਵਿਖੰਡਤਾ ਦਾ ਕਾਰਨ ਬਣਿਆ। ਚਿੰਤਨ ਜਗਤ ਵਿਚ ਇਸ ਨੂੰ ਮਾਨਵਵਾਦੀ ਦ੍ਰਿਸ਼ਟੀ ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਇਸੇ ਮਾਨਵਵਾਦੀ ਪਹੁੰਚ ਵਿਚੋਂ ਹੀ ਉਪਜੀਆਂ ਉਤਰ-ਮਾਨਵੀ ਸਥਿਤੀਆਂ ਨੇ ਉਤਰ-ਮਾਨਵਵਾਦ ਦੇ ਸਿਧਾਂਤ ਦੀ ਸਿਰਜਣਾ ਕੀਤੀ। ਇਸ ਸਬੰਧੀ ਪ੍ਰਮੁਖ ਉਤਰ-ਮਾਨਵਵਾਦੀ ਚਿੰਤਕ ਰੋਜ਼ ਬਰਾਦੋਤੀ (Rose Braidotti) ਆਪਣੀ ਪੁਸਤਕ **ਦ ਪੋਸਟ ਹਿਊਮਨ** (2013) ਵਿਚ ਲਿਖਦਾ ਹੈ ਕਿ,

> ਉਤਰ-ਮਾਨਵੀ ਸਥਿਤੀਆਂ ਨੇ ਸਾਡੀ ਪ੍ਰਜਾਤੀ, ਰਾਜਨੀਤੀ ਅਤੇ ਧਰਤੀ ਦੇ ਹੋਰਨਾਂ ਵਸਨੀਕਾਂ ਨਾਲ ਸਾਡੇ ਰਿਸ਼ਤੇ ਸਬੰਧੀ ਸਮਝ ਵਿਚ ਇਕ ਨਵੇਂ ਬਦਲਾਵ ਵਜੋਂ ਸਾਂਝੇ ਸੰਦਰਭ ਦੀ ਇਕ ਮੂਲ ਇਕਾਈ ਤੋਂ ਜਾਣੂ ਕਰਵਾਇਆ ਹੈ। ਇਸ ਮੁੱਦੇ ਨੇ ਵਰਤਮਾਨ ਵਿਗਿਆਨ, ਰਾਜਨੀਤੀ ਅਤੇ ਅੰਤਰ-ਰਾਸ਼ਟਰੀ ਸਬੰਧਾਂ ਵਿਚਕਾਰ ਮਾਨਵ ਦੇ ਰੂਪ ਵਿਚ ਸਥਾਪਿਤ ਪਹਿਚਾਣ ਦੇ ਢਾਂਚੇ ਉਪਰ ਸਵਾਲ ਉਠਾਉਂਦੇ ਗੈਰ-ਮਾਨਵੀ, ਮਾਨਵ-ਵਿਰੋਧੀ, ਅਮਾਨਵੀ ਪ੍ਰਵਚਨਾਂ ਦੀ ਸਥਿਤੀ ਵਿਚ ਉਤਰ-ਮਾਨਵ ਦੀ ਪ੍ਰਤਿਨਿਧਤਾ ਨੂੰ ਹੋਰ ਵਧਾ ਦਿੱਤਾ ਹੈ।[3]

ਅਜੋਕੇ ਸਮੇਂ ਨੂੰ ਨਿੱਤ ਨਵੇਂ ਬਦਲਾਵਾਂ ਅਤੇ ਤਕਨੀਕ ਨਾਲ ਲੈਸ ਉਪਲੱਭਧੀਆਂ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਅਜਿਹੇ ਸਮੇਂ ਦੌਰਾਨ

ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਆਮਦ ਅਤੇ ਇਸ ਦਾ ਪਸਾਰ ਮਾਨਵੀ ਚੇਤਨਾ ਅਤੇ ਸਮਾਜ ਵਿਚ ਇਕ ਵੰਗਾਰ ਦੇ ਨਾਲ-ਨਾਲ ਨਵੀਆਂ ਸੰਭਾਵਨਾਵਾਂ ਵੀ ਸਿਰਜ ਰਹੇ ਹਨ। ਫ਼ਲਸਰੂਪ ਮਾਨਵੀ ਜੀਵਨ ਯਥਾਰਥ ਤੇ ਸਥਿਤੀਆਂ ਵਿਚ ਤੇਜ਼ੀ ਨਾਲ ਬਦਲਾਵ ਆ ਰਿਹਾ ਹੈ। ਜੀਵਨ ਯਥਾਰਥ ਦੇ ਡਿਜਟਲੀਕਰਨ ਦੀ ਅਜਿਹੀ ਸਥਿਤੀ ਵਿਚ ਵਿਭਿੰਨ ਪਹਿਚਾਣਾਂ ਤੇ ਰੂਪਾਂ ਵਿਚ ਵਿਭਾਜਿਤ ਮਨੁੱਖੀ ਚੇਤਨਾ ਦਾ ਕੇਂਦਰ-ਬਿੰਦੂ ਨੈਟਵਰਕ ਚੇਤਨਾ ਬਣ ਚੁੱਕਾ ਹੈ। ਇਸ ਤੇਜ਼ੀ ਨਾਲ ਰੁਪਾਂਤਰਿਤ ਹੋ ਰਹੇ ਯੁੱਗ ਵਿਚ ਵਿਭਾਜਿਤ ਹੋਣ ਕਰਕੇ ਵਿਖੰਡਿਤ ਮਨੁੱਖੀ ਚੇਤਨਾ ਦੀ ਹੋਂਦ ਖਤਰੇ ਵਿਚ ਹੈ। ਅਜਿਹੀ ਸਥਿਤੀ ਵਿਚ ਵਿਖੰਡਿਤ ਮਨੁੱਖ ਦਾ ਜੀਵਨ ਨਿਰਵਾਹ ਕਠਿਨ ਹੀ ਨਹੀਂ ਅਸੰਭਵ ਵੀ ਦਿਖਾਈ ਦੇ ਰਿਹਾ ਹੈ। ਇਸ ਲਈ ਮਾਨਵੀ ਹੋਂਦ ਦੇ ਵਿਕਾਸ ਤੇ ਵਿਗਾਸ ਲਈ ਇਸ ਦਾ ਫੈਲਾਵ ਹੋਣਾ ਬਹੁਤ ਜ਼ਰੂਰੀ ਹੈ। ਜੇ ਦੇਖਿਆ ਜਾਵੇ ਤਾਂ ਆਦਿ ਕਾਲ ਤੇ ਮੱਧਕਾਲ ਵਿਚ ਮਨੁੱਖੀ ਸਭਿਅਤਾ ਵਿਚ ਕੁਦਰਤ ਦੀ ਪ੍ਰਧਾਨਤਾ ਸੀ ਜੋ ਆਧੁਨਿਕ ਯੁੱਗ ਵਿਚ ਮਨੁੱਖ ਦੀ ਪ੍ਰਧਾਨਤਾ ਵਜੋਂ ਸਾਹਮਣੇ ਆਉਂਦੀ ਹੈ ਅਤੇ ਹੁਣਵੇਂ ਸਮੇਂ ਵਿਚ ਆਪਣੀ ਅਉਧ ਹੰਡਾ ਚੁੱਕੀ ਜਾਪਦੀ ਹੈ। ਅੱਜ ਦੇ ਇਸ ਉਤਰ-ਆਧੁਨਿਕ ਦੌਰ ਵਿਚ ਮਨੁੱਖ ਦੀ ਥਾਂ ਮਸ਼ੀਨ ਨੇ ਲੈ ਲਈ ਹੈ। ਇਸ ਤਰ੍ਹਾਂ ਮਨੁੱਖੀ ਵਿਕਾਸ ਦੀ ਯਾਤਰਾ ਵਿਚ ਮਾਨਵੀ ਚੇਤਨਾ ਕੁਦਰਤ-ਕੇਂਦਰਿਤ, ਮਨੁੱਖ-ਕੇਂਦਰਿਤ ਅਤੇ ਮਸ਼ੀਨ-ਕੇਂਦਰਿਤ ਵਜੋਂ ਰੂਪਮਾਨ ਹੁੰਦੀ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਜਿੱਥੇ ਪਹਿਲਾ ਮਾਨਵੀ ਚੇਤਨਾ ਕੇਵਲ ਕੁਦਰਤ ਨਾਲ ਸੰਘਰਸ਼ ਦਾ ਸਾਹਮਣਾ ਕਰ ਰਹੀ ਸੀ, ਹੁਣ ਮਸ਼ੀਨ ਵੀ ਇਸ ਸੰਘਰਸ਼ ਵਿਚ ਸ਼ਾਮਿਲ ਹੋ ਗਈ ਹੈ ਅਤੇ ਇਹ ਤਨਾਉ ਇਕ ਤਿਕੋਣ ਵਜੋਂ ਦ੍ਰਿਸ਼ਟੀਗੋਚਰ ਹੋ ਰਿਹਾ ਹੈ। ਅਜਿਹੀ ਟਕਰਾਉ ਵਾਲੀ ਸਥਿਤੀ ਵਿਚ ਉਤਰ-ਮਾਨਵਵਾਦੀ ਚਿੰਤਨ ਪੂਰਵ ਮਾਨਵਵਾਦੀ ਯੁੱਗ ਨੂੰ ਪੁਨਰ ਪਰਭਾਸ਼ਿਤ ਕਰਦਾ ਹੋਇਆ ਕੁਦਰਤ, ਮਨੁੱਖ ਅਤੇ ਮਸ਼ੀਨ ਵਿਚਲੇ ਤਨਾਉ ਦੀ ਬਜਾਇ ਇਹਨਾਂ ਦੇ ਤਾਲਮੇਲ ਆਧਾਰਿਤ ਨਵੇਂ ਯੁੱਗ ਦੀ ਕਾਮਨਾ ਪ੍ਰਸਤੁਤ ਕਰਦਾ ਹੈ। ਉਤਰ-ਮਾਨਵਵਾਦੀ ਚਿੰਤਨ ਅਨੁਸਾਰ ਮਨੁੱਖ ਦਾ ਤਕਨਾਲੋਜੀ ਆਧਾਰਿਤ ਭਵਿੱਖ ਮਾਨਵ-ਜਾਤੀ ਲਈ ਖਤਰਾ ਨਹੀਂ, ਬਲਕਿ ਇਹ ਇਸ ਨੂੰ ਮਨੁੱਖੀ ਹੋਂਦ ਦੇ ਹੀ ਇਕ ਨਵੇਂ ਪਾਸਾਰ ਦੇ ਰੂਪ ਵਿਚ ਦੇਖਦਾ ਹੈ। ਇਸ ਸਬੰਧੀ ਡਾ. ਮਨਮੋਹਨ, ਯੁਆਲ ਨੋਹਾ ਹਰਾਰੇ ਦੇ ਹਵਾਲੇ ਨਾਲ ਲਿਖਦਾ ਹੈ ਕਿ "ਭਵਿੱਖ ਚ ਏ.ਆਈ/ ਮਸਨੂਈ ਸਮਝ, ਬਿੱਗ ਡਾਟਾ, ਇੰਟਰਨੈਟ ਆਫ ਥਿੰਗਜ਼, ਜੈਨੇਟਿਕਸ, ਨੈਨੋ ਤਕਨੀਕ ਅਤੇ ਸਾਈਬੋਰਗ ਅਤੇ ਬਾਈਓਨਿਕਸ ਤਕਨੀਕਾਂ ਨੇ ਮਨੁੱਖ ਦਾ ਜੀਵਨ ਪੂਰੀ ਤਰ੍ਹਾਂ ਬਦਲ ਦੇਣਾ ਹੈ ਤੇ ਸੱਤ ਸੌ ਬਿਲੀਅਨ ਸਾਲਾਂ ਤੋਂ ਸ਼ੁਰੂ ਹੋਏ ਸੇਪੀਅਨਜ਼ ਵਿਕਸਤ ਹੋਏ ਮਨੁੱਖ ਨੇ ਭਵਿੱਖ ਦਾ ਦੇਵਤਾ ਬਣ ਜਾਣਾ ਹੈ (47)"। ਇਸ ਤਰ੍ਹਾਂ ਉਤਰ-ਮਾਨਵਵਾਦੀ ਦ੍ਰਿਸ਼ਟੀ, ਪੂਰਵਲੀਆਂ ਮਾਨਵ-ਕੇਂਦਰਿਤ ਮਾਨਵਵਾਦੀ ਦ੍ਰਿਸ਼ਟੀਆਂ ਨਾਲ ਸੰਵਾਦ ਸਿਰਜਦੀ ਹੋਈ ਇਕ ਲਹਿਰ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ ਜਿਹੜੀ ਮਨੁੱਖੀ ਧੌਂਸ (Hegemony) ਨੂੰ ਇਕ ਪਾਸੇ ਰੱਖਦਿਆਂ ਹੋਇਆਂ ਮਨੁੱਖ ਕੇਂਦਰਤਾ ਦੀ ਬਜਾਇ ਜੀਵਨ ਯਥਾਰਥ ਨੂੰ ਇਕ ਸਰਵ-ਵਿਆਪੀ ਵਜੂਦ ਦੇ ਰੂਪ ਵਿਚ ਦੇਖਦੀ ਹੈ।

ਉਤਰ-ਮਾਨਵਵਾਦ ਅੰਗਰੇਜ਼ੀ ਸ਼ਬਦ 'Posthumanism' ਦਾ ਪੰਜਾਬੀ ਅਨੁਵਾਦ ਹੈ ਅਤੇ ਇਸ ਮੱਦ ਦੀ ਸਭ ਤੋਂ ਪਹਿਲੀ ਵਾਰ ਵਰਤੋਂ ਉਤਰ-ਆਧੁਨਿਕਤਾਵਾਦੀ ਚਿੰਤਕ ਇਹਾਬ ਹਸਨ ਨੇ 1977 ਵਿਚ ਆਪਣੇ ਇਕ ਲੇਖ "ਪਰੋਮਿਥਜ਼ ਐਜ਼ ਪਰਫੋਮਰ: 'ਟੁਵਰਡ ਪੋਸਟਹਿਉਮਨਿਸਟ ਕਲਚਰ" ਵਿਚ ਕੀਤੀ। ਉਹ ਲਿਖਦਾ ਹੈ,

> ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਮਾਨਵ ਸਰੂਪ (ਇਸ ਦੀ ਕਾਮਨਾ ਅਤੇ ਬਾਹਰੀ ਅਭਿਵਿਅਕਤੀਆਂ ਸਮੇਤ) ਤੇਜ਼ੀ ਨਾਲ ਬਦਲ ਰਿਹਾ ਹੈ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਮਾਨਵਵਾਦ ਦੇ ਪੰਜ ਸੌ ਹਜ਼ਾਰ ਸਾਲਾਂ ਦਾ ਅੰਤ ਹੋ ਰਿਹਾ ਹੈ ਅਤੇ ਮਾਨਵਵਾਦ ਆਪਣੇ ਆਪ ਨੂੰ ਅਜਿਹੇ ਰੂਪ ਵਿਚ ਪਰਵਰਤਿਤ ਕਰ ਰਿਹਾ ਹੈ, ਜਿਸ ਨੂੰ ਬੇਵੱਸ ਹੋ ਕੇ ਉਤਰ-ਮਾਨਵਵਾਦ ਕਹਿਣਾ ਪਵੇਗਾ (843)।

ਇਸ ਮਦ ਨੂੰ ਵਧੇਰੇ ਗੌਰ ਨਾਲ ਵਿਚਾਰਨ ਦੀ ਲੋੜ ਹੈ ਕਿਉਂਕਿ ਇਸ ਵਿਚ ਲੱਗਿਆ ਅਗੇਤਰ 'ਫੋਸਟ' ਇਸ ਚਿੰਤਨ ਦ੍ਰਿਸ਼ਟੀ ਨੂੰ ਸਮਝਣ ਲਈ ਮਹੱਤਵਪੂਰਨ ਹੈ। 'ਹਿਉਮਨਿਜ਼ਮ' ਨਾਲ ਲੱਗੇ ਅਗੇਤਰ ਪੋਸਟ ਕਾਰਨ ਇਸ ਮਦ ਨੂੰ ਮਾਨਵਵਾਦ ਦੇ ਵਿਰੋਧ ਵਿਚ ਵੀ ਦੇਖਿਆ ਜਾਂਦਾ ਹੈ ਪਰੰਤੂ ਇਥੇ ਪੋਸਟ ਦੇ ਭਾਵ ਮਾਨਵਵਾਦ ਦੇ ਵਿਪੱਖ ਵਿਚ ਨਹੀਂ ਬਲਕਿ ਮਾਨਵਵਾਦ ਦੇ ਵਿਸਥਾਰ ਦੇ ਰੂਪ ਵਿਚ ਦੇਖਣ ਦੀ ਲੋੜ ਹੈ। ਉਤਰ-ਮਾਨਵਵਾਦ ਤੋਂ ਭਾਵ ਮਾਨਵ ਵਿਰੋਧਤਾ ਨਹੀਂ ਬਲਕਿ ਇਹ ਦ੍ਰਿਸ਼ਟੀ ਮਾਨਵ ਸਹਿਯੋਗੀ ਵਜੋਂ ਸਾਹਮਣੇ ਆਉਂਦੀ ਹੈ। "ਸਾਈਬੋਰਗਨੈਟਿਕ ਪਾਰ-ਮਾਨਵ (Trans-human) ਜਾਂ ਅਤਿ ਮਾਨਵ (Super-human) ਦੇ ਰੂਪ ਵਿਚ

ਉਤਰ-ਮਾਨਵ ਦੇ ਮੁਕਾਬਲੇ ਉਤਰ-ਮਾਨਵਵਾਦੀ ਪ੍ਰਵਚਨ ਨਾ ਤਾਂ ਮਾਨਵ ਦੀ ਉਲੰਘਣਾ ਕਰਦਾ ਹੈ ਅਤੇ ਨਾ ਹੀ ਮਾਨਵਵਾਦ ਨੂੰ ਨਕਾਰਦਾ ਹੈ, ਬਲਕਿ ਮਾਨਵਵਾਦੀ ਵਿਰਾਸਤ ਨਾਲ ਜੁੜ ਕੇ ਮਾਨਵਤਾਵਾਦੀ ਕਦਰਾਂ-ਕੀਮਤਾਂ ਅਤੇ ਸੰਸਾਰਿਕ ਦ੍ਰਿਸ਼ਟੀਕੋਣ ਦੀ ਅਲੋਚਨਾ ਕਰਦਾ ਹੈ। ਉਤਰ-ਮਾਨਵਵਾਦੀ ਚਿੰਤਕ ਮਾਨਵਵਾਦੀ ਗਿਆਨ ਉਤਪਾਦਨ ਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਉਪਰ ਧਿਆਨ ਕੇਂਦਰਿਤ ਕਰਦੇ ਹਨ ਅਤੇ ਨਾਲ ਹੀ ਉਤਰ-ਮਾਨਵ ਦੀ ਪ੍ਰਗਤੀਸ਼ੀਲਤਾ ਵਾਲੇ ਬਿਰਤਾਂਤਾਂ ਸਬੰਧੀ ਸ਼ੰਕਾ ਨਵਿਰਤ ਕਰਦੇ ਹਨ" (ਕਲਾਰਕ 14)। ਅਸਲ ਵਿਚ ਉਤਰ-ਮਾਨਵਵਾਦੀ ਚਿੰਤਨ ਮਨੁੱਖ ਦੇ ਨਾਲ-ਨਾਲ ਹਰ ਉਹ ਜੀਵ-ਨਿਰਜੀਵ ਵਜੂਦ ਦੀ ਸ਼ਮੂਲੀਅਤ ਦੀ ਵਕਾਲਤ ਵੀ ਕਰਦਾ ਹੈ ਜਿਹੜੀ ਕਿਸੇ ਨਾ ਕਿਸੇ ਰੂਪ ਵਿਚ ਮਨੁੱਖ ਦੀ ਜੀਵਨ-ਪ੍ਰਕਿਰਿਆ ਲਈ ਹਿੱਤਕਾਰੀ ਹੈ। ਇਸ ਅਨੁਸਾਰ ਮਨੁੱਖੀ ਜੀਵਨ ਦੀ ਵਿਵਸਥਾ ਦੇ ਸਹਿਜ ਸੰਚਾਲਨ ਲਈ ਉਸ ਸਾਰੇ ਵਸਤੂਜਗਤ ਦੀ ਵਿਵਸਥਾ ਤੇ ਸਵੱਛਤਾ ਜ਼ਰੂਰੀ ਹੈ ਜਿਹੜੇ ਉਸਦੀ ਹੋਂਦ ਨੂੰ ਬਰਕਰਾਰ ਰੱਖਦੇ ਹਨ।

**II**

ਪੰਜਾਬੀ ਸਾਹਿਤਕ ਜਗਤ ਉਤਰ-ਮਾਨਵਵਾਦੀ ਦ੍ਰਿਸ਼ਟੀ ਦਾ ਪ੍ਰਵੇਸ਼ ਅਮਰਜੀਤ ਗਰੇਵਾਲ ਦੇ '**ਸੋ ਦਰੁ** ' ਵਿਚਲੇ ਨਾਟਕੀ ਪਾਠਾਂ ਦੁਆਰਾ ਹੁੰਦਾ ਹੈ। ਉਤਰ-ਮਾਨਵਵਾਦ ਚਿੰਤਨ ਆਧਾਰਿਤ ਇਹ ਪਾਠ ਪੰਜਾਬੀ ਸਾਹਿਤ ਤੇ ਪੰਜਾਬੀ ਅਧਿਐਨ ਦੇ ਖੇਤਰ ਵਿਚ ਨਵਾਂ ਸੰਵਾਦ ਛੇੜਦੇ ਹੈ। ਜਦੋਂ ਅਸੀਂ ਇਨ੍ਹਾਂ ਨਾਟਕੀ ਪਾਠਾਂ ਨੂੰ ਉਤਰ-ਮਾਨਵਵਾਦੀ ਚਿੰਤਨ ਦੇ ਸੰਦਰਭ ਵਿਚ ਰੱਖ ਕੇ ਦੇਖਦੇ ਹਾਂ ਤਾਂ ਇਨ੍ਹਾਂ ਵਿਚਲਾ ਪ੍ਰਵਚਨ ਮਨੁੱਖੀ ਜੀਵਨ-ਵਿਕਾਸ ਦੀ ਭਵਿੱਖਮੁਖੀ ਚਿਹਨਕਾਰੀ ਕਰਦਾ ਨਜ਼ਰ ਆਉਂਦਾ ਹੈ। ਉਤਰ-ਮਾਨਵਵਾਦ ਸਬੰਧੀ ਡਾ. ਅਮਰਜੀਤ ਗਰੇਵਾਲ ਦੀ ਦ੍ਰਿਸ਼ਟੀ ਇਸ ਪ੍ਰਕਾਰ ਹੈ-

> ਉਤਰ-ਮਾਨਵਵਾਦ ਇਕ ਅਜਿਹੀ ਸਿਧਾਂਤਕ ਪੇਸ਼ਕਸ਼ ਹੈ ਜੋ ਮਨੁੱਖੀ ਅਪਵਾਦ ਦੇ ਰਵਾਇਤੀ ਮਾਨਵਵਾਦੀ ਵਿਚਾਰ ਨੂੰ ਸਿੱਧੀ ਚੁਣੌਤੀ ਦਿੰਦੀ ਹੈ। ਇਹ ਉਭਰ ਰਹੀ ਨਵੀਂ ਕਰਿਟੀਕਲ ਤਕਨਾਲੋਜੀ ਦੇ ਮਨੁੱਖ ਨੂੰ ਗੁਲਾਮ ਬਣਾ ਲੈਣ ਵਾਲੇ ਭਰਮ ਭੁਲੇਖੇ ਦੂਰ ਕਰਕੇ ਮਨੁੱਖਾਂ, ਗੈਰ ਮਨੁੱਖੀ ਜੀਵਾਂ, ਪ੍ਰਕਿਰਤੀ, ਸੰਸਕ੍ਰਿਤੀ ਅਤੇ ਮਸ਼ੀਨਾਂ ਵਿਚਕਾਰ ਸਾਂਝੀ ਸਹਿਯੋਗੀ ਸਜੀਵਤਾ ਅਤੇ ਸੁਚੇਤਨਤਾ ਦੀਆਂ ਨਵੀਆਂ ਇਤਿਹਾਸਕ ਸੰਭਾਵਨਾਵਾਂ ਜਗਾਉਂਦੀ ਹੈ। ਇਹ ਮਾਨਵ ਦੁਆਰਾ ਮਸ਼ੀਨ ਦੀ ਸਹਾਇਤਾ ਨਾਲ ਕੁਦਰਤ ਦੇ ਕੀਤੇ ਜਾ ਰਹੇ ਸ਼ੋਸ਼ਣ ਨੂੰ ਰੋਕ ਕੇ, ਮਨੁੱਖ, ਮਸ਼ੀਨ ਅਤੇ ਵਾਤਾਵਰਨ ਦੇ ਪ੍ਰਤਿਯੋਗ ਨੂੰ ਸਹਿਯੋਗ ਵਿਚ ਤਬਦੀਲ ਕਰਨ ਦੀ ਜੁਗਤ ਹੈ (30)।

'**ਸੋ ਦਰੁ**' ਅਮਰਜੀਤ ਗਰੇਵਾਲ ਦੁਆਰਾ ਰਚਿਤ **ਦੋ ਘੜੀਆਂ ਦਾ ਨਾਟਕ** ਅਤੇ **ਚੂਹੇ ਦੌੜ** ਨਾਟਕਾਂ ਤੋਂ ਬਾਅਦ ਤੀਜਾ ਨਾਟਕ ਹੈ। ਸੋ ਦਰੁ ਪੁਸਤਕ ਵਿਚ ਦੋ ਨਾਟਕੀ ਪਾਠ ਸੋ ਦਰੁ ਅਤੇ ਦੇਹੀ ਸ਼ਾਮਿਲ ਹਨ। ਹਥਲੇ ਖੋਜ ਪੱਤਰ ਲਈ ਇਨ੍ਹਾਂ ਵਿਚੋਂ ਸੋ ਦੁਰ ਨਾਟਕ ਨੂੰ ਹੀ ਅਧਿਐਨ ਦਾ ਬਿੰਦੂ ਬਣਾਇਆ ਗਿਆ ਹੈ। ਇਹ ਨਾਟਕ ਗਿਆਨ, ਵਿਗਿਆਨ ਅਤੇ ਦਰਸ਼ਨ ਦੇ ਸੁਮੇਲ ਦੁਆਰਾ ਭਵਿੱਖ ਨਾਲ ਸੰਵਾਦਕੀ ਰਾਬਤਾ ਕਾਇਮ ਕਰਨ ਦਾ ਯਤਨ ਕਰਦਾ ਹੈ। ਇਸ ਨਾਟਕ ਦਾ ਕਥਾ ਕਾਲ 2034 ਈ. ਦਾ ਸਮਾਂ ਹੈ। ਜਿਹੜਾ ਭਵਿੱਖ ਵਿਚ ਏ. ਆਈ. ਦੇ ਰੂਪ ਵਿਚ ਮਾਨਵ ਦੇ ਉਤਰ-ਮਾਨਵ ਵਿਚ ਬਦਲ ਅਤੇ ਤਕਨੀਨੀ ਯੁੱਗ ਦੇ ਅਤਿ ਸ਼ਕਤੀਸ਼ਾਲੀ ਦੌਰ ਵੱਲ ਸੰਕੇਤ ਕਰਦਾ ਹੈ। ਇਸਦੇ ਨਾਲ ਹੀ ਪੈਦਾ ਹੋਣ ਵਾਲੀਆਂ ਉਤਰ-ਮਾਨਵੀ ਸਥਿਤੀਆਂ ਨੂੰ ਪ੍ਰਸਤੁਤ ਕਰਨ ਦੇ ਨਾਲ-ਨਾਲ ਇਸ ਬਾਰੇ ਚਿੰਤਨ ਕਰਦੇ ਹੋਏ ਉਤਰ-ਮਾਨਵਵਾਦੀ ਨਵ-ਦਰਸ਼ਨ ਦਾ ਪ੍ਰਸਤਾਵ ਵੀ ਪ੍ਰਸਤੁਤ ਕਰਦਾ ਹੈ।

ਇਸ ਨਾਟਕ ਦੀ ਪਾਠ-ਸੰਰਚਨਾ ਸੱਤ ਭਾਗਾਂ ਵਿਚ ਵੰਡੀ ਹੋਈ ਹੈ ਅਤੇ ਇਹ ਇਹ ਸੱਤ ਭਾਗ ਵੱਖੋ-ਵੱਖਰੇ ਸਵਾਲਾਂ ਨਾਲ ਸਬੰਧਿਤ ਹੁੰਦੇ ਹੋਏ ਵੀ ਇਕ ਦੂਜੇ ਨਾਲ ਜੁੜ ਕੇ ਨਾਟਕੀ ਪ੍ਰਵਚਨ ਦਾ ਵਿਸਥਾਰ ਕਰਦੇ ਹਨ। ਨਾਟਕ ਦਾ ਆਰੰਭ ਰੱਬ ਤੇ ਰੋਬੋ ਦੇ ਸਬੰਧ ਨੂੰ ਦਰਸਾਉਂਦੀ ਇਕ ਕਵਿਤਾ ਨਾਲ ਹੁੰਦਾ ਹੈ। ਇਸ ਤੋਂ ਉਪਰੰਤ ਪਹਿਲੇ ਭਾਗ ਵਿਚ ਪਹਿਲਾ ਬੰਦਾ, ਦੂਸਰਾ ਬੰਦਾ ਤੇ ਲੜਕੀ ਪਾਤਰਾਂ ਦੁਆਰਾ ਇਹ ਸੰਵਾਦ ਸਿਰਜਿਆ ਗਿਆ ਹੈ ਕਿ ਮਸ਼ੀਨਾਂ ਜੇਕਰ ਬੁੱਧੀਮਾਨ ਹੋ ਗਈਆਂ ਤਾਂ ਕੀ ਇਹ ਮਨੁੱਖ ਨੂੰ ਨਿਯੰਤਰਿਤ ਕਰ ਲੈਣਗੀਆਂ? ਇਸ ਚਰਚਾ ਵਿਚੋਂ ਨੈਤਿਕਤਾ ਅਤੇ ਮਨੁੱਖੀ ਹਉਂ ਦਾ ਮਸਲਾ ਸਾਹਮਣੇ ਆਉਂਦਾ ਹੈ। ਦੂਜੇ ਭਾਗ ਵਿਚ ਚੇਅਰਮੈਨ, ਬਿਕਰਮਜੀਤ ਸਿੰਘ, ਦੂਜਾ ਬੰਦਾ ਅਤੇ ਲੜਕੀ ਇਸ ਵਿਚਾਰ ਨੂੰ ਸੰਵਾਦ ਦਾ ਆਧਾਰ ਬਣਾਉਂਦੇ ਹਨ। ਇਸੇ ਵਿਚਾਰ ਚਰਚਾ ਵਿਚੋਂ ਸ਼ਕਤੀ ਤੇ ਪ੍ਰੇਮ ਦਾ ਮਸਲਾ ਸਾਹਮਣੇ ਆਉਂਦਾ ਹੈ, ਜਿਸ ਬਾਰੇ ਚਰਚਾ ਤੀਜੇ ਭਾਗ ਵਿਚ

ਲੜਕੀ, ਚੇਅਰਮੈਨ, ਅਮਨਦੀਪ, ਦੂਸਰਾ ਬੰਦਾ ਪਾਤਰਾਂ ਦੁਆਰਾ ਕੀਤੀ ਗਈ ਹੈ। ਚੌਥੇ ਭਾਗ ਵਿਚ ਇਕ ਪੱਖ ਸਾਹਮਣੇ ਆਉਂਦਾ ਹੈ ਕਿ ਜਹਾਜ਼ ( ਜੋ ਕਿ ਜੀਵਨ ਨੂੰ ਚਿਹਨਤ ਕਰਦਾ ਹੈ) ਦਾ ਨਿਯੰਤਰਨ ਮਨੁੱਖ ਕੋਲ ਹੋਵੇ ਤਾਂ ਸੁਰੱਖਿਆ ਖ਼ਤਰੇ ਵਿਚ ਆ ਜਾਂਦੀ ਹੈ ਅਤੇ ਜੇਕਰ ਮਸ਼ੀਨ ਕੋਲ ਹੋਵੇ ਤਾਂ ਆਜ਼ਾਦੀ। ਇਸ ਤਰ੍ਹਾਂ ਇਹ ਬਹਿਸ ਇਕ ਹੋਰ ਮਸਲਾ ਖੜ੍ਹਾ ਕਰਦੀ ਹੈ। ਇਸ ਸਬੰਧੀ ਚੇਅਰਮੈਨ, ਯੋਗਰਾਜ, ਲੜਕੀ ਪਾਤਰਾਂ ਵਿਚਕਾਰ ਚਰਚਾ ਛਿੜਦੀ ਹੈ। ਜਿਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਇਹ ਨਿਯੰਤਰਨ ਕਿਸੇ ਇਕ ਧਿਰ ਕੋਲ ਨਹੀਂ ਬਲਕਿ ਕੁਦਰਤ, ਮਨੁੱਖ ਤੇ ਮਸ਼ੀਨ ਦੇ ਆਪਸੀ ਸਬੰਧ ਦੁਆਰਾ ਸਿਰਜਤ ਸਾਂਝੀ ਸੂਝ ਕੋਲ ਹੋਣਾ ਚਾਹੀਦਾ ਹੈ। ਇਸ ਸਾਂਝੀ ਸੂਝ ਨੂੰ ਨੈਟਵਰਕੀ ਚੇਤਨਾ ਦੇ ਸੰਕਲਪ ਦੁਆਰਾ ਰੂਪਮਾਨ ਕੀਤਾ ਗਿਆ ਹੈ। ਪੰਜਵੇਂ ਭਾਗ ਵਿਚ ਇਹ ਵਿਚਾਰ ਅੱਗੇ ਤੁਰਦੀ ਹੈ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਨੈਟਵਰਕੀ ਚੇਤਨਾ ਵਿਚੋਂ ਸਿਰਜਤ ਨੈਤਿਕ ਕੋਡ ਤਕਨੀਕੀ ਮੂਲਵਾਦ ਤਾਂ ਨਹੀਂ ਸਿਰਜਣਗੇ? ਇਥੇ ਇਹ ਪੱਖ ਸਾਹਮਣੇ ਆਉਂਦਾ ਹੈ ਕਿ ਨੈਟਵਰਕੀ ਚੇਤਨਾ ਵਿਅਕਤੀਗਤ ਗਿਆਨ ਦੁਆਰਾ ਨਹੀਂ ਬਲਕਿ ਸਰਵ-ਵਿਆਪੀ ਗਿਆਨ ਦੁਆਰਾ ਇਕ ਸਰਵ ਸਾਂਝੇ ਨੈਤਿਕ ਕੋਡਾਂ ਦਾ ਨਿਰਮਾਣ ਕਰੇਗੀ, ਜਿਹੜੇ ਸਾਰੇ ਵਿਸ਼ਵ ਲਈ ਇਕ ਸਾਮਾਨ ਹੋਣਗੇ। ਛੇਵੇਂ ਭਾਗ ਵਿਚ ਸੂਝ ਤੇ ਸਵੈ-ਚੇਤਨਾ ਦੇ ਸਵਾਲ ਉਪਰ ਚਰਚਾ ਕੀਤੀ ਗਈ ਹੈ ਅਤੇ ਇਹ ਸੰਵਾਦ ਵਿਚ ਇਤਿਹਾਸਕਾਰ, ਚੇਅਰਮੈਨ, ਲੜਕੀ ਪਾਤਰਾਂ ਵਿਚਕਾਰ ਚੱਲਦਾ ਹੈ। ਇਸ ਵਿਚ ਇਹ ਪੱਖ ਸਾਹਮਣੇ ਆਉਂਦਾ ਹੈ ਕਿ ਸਵੈ-ਚੇਤਨਾ ਹੀ ਮਨੁੱਖੀ ਹਉਂ ਦੀ ਸਿਰਜਣਾ ਦਾ ਕਾਰਨ ਹੈ, ਜਿਸ ਦਾ ਨਿਰਮਾਣ ਵਿਅਕਤੀਗਤ ਬੁੱਧੀ ਕਰਦੀ ਹੈ। ਮਸ਼ੀਨਾਂ ਅੰਦਰ ਸਵੈ-ਚੇਤਨਾ ਨਹੀਂ ਬਲਕਿ ਸੂਝ ਹੋਵੇਗੀ ਜਿਹੜੀ ਮਨੁੱਖ ਦੁਆਰਾ ਸਿਰਜੇ ਸਮੁੱਚੇ ਗਿਆਨ ਦੇ ਰੂਪ ਵਿਚ ਉਹਨਾਂ ਅੰਦਰ ਪ੍ਰਵੇਸ਼ ਕਰੇਗੀ। ਇਸ ਤਰ੍ਹਾਂ ਇਕ ਨਵੇਂ ਯੁੱਗ ਦਾ ਆਗਾਜ਼ ਹੋਵੇਗਾ ਅਤੇ ਇਹ ਨਵਾਂ ਯੁੱਗ ਉਤਰ-ਮਾਨਵਵਾਦੀ ਸੰਸਾਰ ਵੱਲ ਇਸ਼ਾਰਾ ਕਰਦਾ ਹੈ। ਸਤਵੇਂ ਭਾਗ ਵਿਚ ਚੇਅਰਮੈਨ, ਪਹਿਲਾ ਜਿਊਰੀ ਮੈਂਬਰ ਅਤੇ ਦੂਸਰੀ ਜਿਊਰੀ ਮੈਂਬਰ ਮਿਲ ਕੇ ਸਮੁੱਚੀ ਚਰਚਾ ਨੂੰ ਸਮੇਟਦੇ ਹੋਏ ਉਪਰੋਕਤ ਪ੍ਰਸ਼ਨਾਂ ਜਾਂ ਸਮਲਿਆਂ ਸਬੰਧੀ ਨਿਕਲੇ ਨਤੀਜਿਆਂ ਬਾਰੇ ਵਿਚਾਰ ਪ੍ਰਸਤੁਤ ਕਰਦੇ ਹਨ। ਇਸ ਵਿਚ ਇਹ ਗੱਲ ਭਲੀਭਾਂਤ ਸਪੱਸ਼ਟ ਹੁੰਦੀ ਹੈ ਕਿ ਉਤਰ-ਮਾਨਵੀ ਸਥਿਤੀਆਂ ਮਨੁੱਖੀ ਹਉਂ ਨੂੰ ਖਤਮ ਕਰਕੇ ਇਕ ਨਵੇਂ ਸੰਸਾਰ ਦੀ ਸਿਰਜਣਾ ਕਰਨਗੀਆਂ। ਇਸ ਨੂੰ ਨਾਟਕ ਵਿਚ ਇਸ ਵਾਰਤਾਲਾਪ ਰਾਹੀਂ ਦਰਸਾਇਆ ਗਿਆ ਹੈ,

> ਮਨੁੱਖ ਦੀ ਸਵੈ-ਵਿਨਾਸ਼ ਵਿਰੁੱਧ ਇਹ ਬਗਾਵਤ ਹੀ ਮਾਨਵਵਾਦ ਦਾ ਬਦਲ ਬਣ ਕੇ ਆਵੇਗੀ (64)।

## III

ਉਪਰੋਕਤ ਪਾਠਾਤਮਕ ਢਾਂਚੇ ਦੀਆਂ ਅੰਤਰਤੈਹਾਂ ਹੇਠ ਇਸ ਰਚਨਾ ਦੀ ਸੰਕਲਪੀ ਸੰਰਚਨਾ ਰੂਪਮਾਨ ਹੁੰਦੀ ਹੈ। ਜਿਸ ਵਿਚ ਵੱਖ-ਵੱਖ ਦੁਵੱਲੇ ਜੁੱਟਾਂ ਦੇ ਰੂਪ ਵਿਚ ਸੰਕਲਪਾਂ ਵਿਚ ਅੰਤਰ-ਸੰਵਾਦ ਸਿਰਜਿਆ ਗਿਆ ਹੈ। ਜਿਹੜਾ ਨਾਟਕ ਵਿਚ ਉਤਰ-ਮਾਨਵਵਾਦੀ ਪ੍ਰਵਚਨ ਦੀ ਸਿਰਜਣਾ ਕਰਦਾ ਹੈ। ਇਸ ਨਾਟਕ ਦੀ ਸੰਕਲਪੀ ਜੁਗਤ ਮਾਨਵਵਾਦੀ ਦਵੰਦਾਤਮਕ ਦ੍ਰਿਸ਼ਟੀ ਨੂੰ ਪਾਰ ਕਰਦੀ ਹੋਈ ਇਕਰੂਪ ਪ੍ਰਵਚਨ ਦੀ ਸਿਰਜਣਾ ਕਰਦੀ ਹੈ। ਇਸ ਤਰ੍ਹਾਂ ਇਸ ਨਾਟਕੀ ਪਾਠ ਵਿਚ ਅਨੇਕਾਂ ਦਵੰਦਾਂ ਵਿਚ ਵਿਭਾਜਿਤ ਮਾਨਵੀ ਚੇਤਨਾ ਵਾਲੇ ਵਿਖੰਡਿਤ ਮਾਨਵ ਨੂੰ ਪਾਰ-ਦਵੰਦ ਚੇਤਨਾ ਦੇ ਇਕ ਸਰਵ-ਵਿਆਪੀ ਸੂਤਰ ਵਿਚ ਪਰੋ ਕੇ ਵਿਵਸਥਿਤ ਹੋਂਦ ਵਿਚ ਰੂਪਾਂਤਰਿਤ ਕਰਨ ਦਾ ਯਤਨ ਕੀਤਾ ਗਿਆ ਹੈ।

ਜਦੋਂ ਅਸੀਂ ਇਸ ਪਾਠ ਨੂੰ ਉਤਰ-ਮਾਨਵਵਾਦੀ ਚਿੰਤਨ ਦੇ ਸੰਦਰਭ ਵਿਚ ਰੱਖ ਕੇ ਦੇਖਦੇ ਹਾਂ ਤਾਂ ਇਸ ਵਿਚਲਾ ਪ੍ਰਵਚਨ ਮਨੁੱਖੀ ਜੀਵਨ-ਵਿਕਾਸ ਦੀ ਭਵਿੱਖਮੁਖੀ ਚਿਹਨਕਾਰੀ ਕਰਦਾ ਨਜ਼ਰ ਆਉਂਦਾ ਹੈ। 'ਸੋ ਦਰੁ' ਇਕ ਮਹਾਂ ਚਿਹਨ ਦੇ ਰੂਪ ਵਿਚ ਅਜਿਹੀ ਜੀਵਨ ਦ੍ਰਿਸ਼ਟੀ ਨੂੰ ਦਰਸਾਉਂਦਾ ਹੈ ਜਿਹੜੀ ਇਕ ਪਾਸੇ ਸਰਵ-ਵਿਆਪੀ ਤੇ ਮੁਕਤ ਚੇਤਨਾ ਦੀ ਲਖਾਇਕ ਹੈ ਅਤੇ ਦੂਜੇ ਪਾਸੇ ਪਰੰਪਰਾ ਤੇ ਸਮਕਾਲ ਦੇ ਸੰਵਾਦ ਦੁਆਰਾ ਵਿਸ਼ਵਵਿਆਪੀ ਭਵਿੱਖਮੁਖੀ ਚੁਣੌਤੀਆਂ ਨਾਲ ਨਜਿੱਠਣ ਵਾਲੀ ਨਵੀਨ ਗਿਆਨ ਸਮਰੱਥਾ ਨੂੰ ਚਿਹਨਤ ਕਰਦੀ ਹੈ। ਇਹ ਨਾਟਕੀ-ਪਾਠ ਮਾਨਵੀ ਚੇਤਨਾ ਦੇ ਕੁਦਰਤ, ਮਨੁੱਖ ਅਤੇ ਮਸ਼ੀਨ ਤਕ ਦੇ ਵਿਸਥਾਰ ਦੀ ਵਿਕਾਸ-ਰੇਖਾ ਨੂੰ ਨੈਟਵਰਕੀ ਚੇਤਨਾ ਦੀ ਪ੍ਰਕਿਰਿਆ ਰਾਹੀਂ ਰੂਪਮਾਨ ਕਰਦਾ ਹੈ। ਨੈਟਵਰਕੀ ਚੇਤਨਾ ਦਾ ਸੰਕਲਪੀ ਚਿਹਨ ਇਸ ਨਾਟਕੀ-ਪਾਠ ਵਿਚ ਹਾਈਪੋਗ੍ਰਾਮ ਮੰਨਿਆ ਜਾ ਸਕਦਾ ਹੈ, ਜਿਸ ਦੁਆਰਾ ਮਨੁੱਖੀ ਚੇਤਨਾ ਅਤੇ ਵਿਸ਼ੇਸ਼ ਰੂਪ ਵਿਚ ਪੰਜਾਬੀ ਚੇਤਨਾ ਦੇ ਵਿਸਥਾਰ ਜਾਂ ਭਵਿੱਖ ਨੂੰ ਉਲੀਕਿਆ ਜਾ ਸਕਦਾ ਹੈ। ਨੈਟਵਰਕੀ ਚੇਤਨਾ ਇਸ ਦੀ ਸੰਕਲਪੀ ਪ੍ਰਕਿਰਿਆ ਦਾ ਵਿਸਥਾਰ ਵਿਭਿੰਨ ਚਿਹਨ-ਜੁੱਟਾਂ ਦੇ ਅੰਤਰ-ਸੰਵਾਦ

ਦੁਆਰਾ ਹੁੰਦਾ ਹੈ ਜਿਵੇਂ ਰੱਬ-ਰੋਬੋ, ਮਸ਼ੀਨ-ਕੁਦਰਤ, ਸ਼ੋਸ਼ਣ-ਸਹਿਯੋਗ, ਸੁਰੱਖਿਆ-ਆਜ਼ਾਦੀ, ਸੂਝ-ਸਵੈ ਚੇਤਨਾ, ਸੰਸਕ੍ਰਿਤੀ-ਪ੍ਰਕਿਰਤੀ ਆਦਿ। ਇਥੇ ਇਸ ਪਾਠ ਦੀ ਖ਼ਾਸੀਅਤ ਇਹ ਹੈ ਕਿ ਇਹ ਉਪਰੋਕਤ ਅੰਤਰ-ਵਿਰੋਧੀ ਸਮਝੇ ਜਾਣ ਵਾਲੇ ਸੰਕਲਪਾਂ ਵਿਚਲੇ ਤਨਾਉ ਨੂੰ ਅੰਤਰ-ਸੰਵਾਦ ਦੁਆਰਾ ਪਾਰ ਕਰਦਾ ਹੈ। ਇਸ ਪ੍ਰਕਿਰਿਆ ਦੌਰਾਨ ਉਹ ਵਿਖੰਡਤ ਚੇਤਨਾ ਤੋਂ ਵਿਵਸਥਿਤ ਚੇਤਨਾ ਵੱਲ ਵੱਧਦਾ ਹੈ ਅਤੇ ਇਸ ਪ੍ਰਕਿਰਿਆ ਲਈ ਪਾਰ-ਦਵੰਦਤਾ, ਹਉਂ ਦਾ ਟੁੱਟਣਾ, ਨੈਤਿਕ ਕੋਡ, ਥੌਟ ਅਕਸਪੈਰੀਮੈਂਟ, ਪ੍ਰੇਮ ਸਬੰਧ, ਗਿਆਨ-ਬੁੱਧੀ, ਸਦਭਾਵਨਾ, ਹਾਈਪਰਕੋਨੈਕਟਡ ਸੰਸਾਰ, ਬ੍ਰਹਿਮੰਡੀ ਚੇਤਨਾ ਆਦਿ ਸੰਕਲਪੀ ਚਿਹਨਾਂ ਦੀ ਸਿਰਜਣਾ ਕਰਦਾ ਹੈ। ਇਸ ਤਰ੍ਹਾਂ ਇਸ ਨਾਟਕ ਵਿਚ ਵਿਖੰਡਤ ਮਾਨਵ ਚੇਤਨਾ ਨੂੰ ਵਿਵਸਥਿਤ ਕਰਨ ਦੀ ਪ੍ਰਕਿਰਿਆ ਉਪਰੋਕਤ ਵਿਭਿੰਨ ਚਿਹਨ-ਸੰਰਚਨਾਵਾਂ ਦੁਆਰਾ ਸਾਕਾਰ ਹੁੰਦੀ ਹੈ। ਇਸ ਲਈ ਇਸ ਖੋਜ-ਪੱਤਰ ਵਿਚ ਵਿਭਿੰਨ ਚਿਹਨ-ਸੰਰਚਨਾਵਾਂ ਦੇ ਡੀਕੋਡੀਕਰਨ ਦੁਆਰਾ ਇਸ ਪ੍ਰਕਿਰਿਆ ਨੂੰ ਸਮਝਣ ਦਾ ਯਤਨ ਕੀਤਾ ਹੈ।

ਨਾਟਕੀ-ਪਾਠ ਸੋ ਦਰੁ ਵਿਚ ਉਠਾਇਆ ਗਿਆ ਪਹਿਲਾ ਪ੍ਰਸ਼ਨ ਮਨੁੱਖ ਅਤੇ ਮਸ਼ੀਨ ਵਿਚਲੇ ਅੰਤਰ-ਸੰਵਾਦ ਸਬੰਧੀ ਹੈ। ਇਥੇ ਸਿਰਜਕ ਵਲੋਂ ਮਨੁੱਖ ਦਾ ਰੋਬੋ ਨੂੰ ਆਪਣੇ ਨਾਲ ਸੰਵਾਦ ਵਿਚ ਸ਼ਾਮਿਲ ਕਰਨਾ ਇਕ ਸੰਕੇਤ ਹੈ। ਇਕ ਪਾਸੇ ਮਨੁੱਖ ਅੰਦਰ ਭਾਵਨਾਵਾਂ, ਜ਼ਜ਼ਬੇ ਅਤੇ ਵ੍ਰਿਤੀ ਕਾਮਨਾਵਾਂ ਹਨ ਅਤੇ ਦੂਜੇ ਪਾਸੇ ਮਸ਼ੀਨ ਇਨ੍ਹਾਂ ਸਭ ਤੋਂ ਬਿਲਕੁਲ ਨਿਰਲੇਪ ਹੈ। ਮਨੁੱਖ ਕੋਲ ਇਹ ਸਮਰੱਥਾ ਹੈ ਕਿ ਉਹ ਮਸ਼ੀਨ ਨੂੰ ਜਿਸ ਤਰ੍ਹਾਂ ਚਾਹੇ ਵਰਤ ਸਕਦਾ ਹੈ ਅਰਥਾਤ ਉਹ ਜੋ ਕੁਝ ਚਾਹੇ ਆਪਣੀ ਲੋੜ ਅਨੁਸਾਰ ਰੋਬੋ ਵਿਚ ਭਰ ਸਕਦਾ ਹੈ। ਇਸ ਤਰ੍ਹਾਂ ਮਨੁੱਖ ਤੇ ਮਸ਼ੀਨ ਵਿਚ ਝਗੜੇ ਦਾ ਕੋਈ ਕਾਰਨ ਹੀ ਨਹੀਂ ਜਾਪਦਾ ਕਿਉਂਕਿ ਰੋਬੋ ਜਾਂ ਮਸ਼ੀਨ ਮਨੁੱਖ ਨੂੰ ਕੰਟਰੋਲ ਨਹੀਂ ਕਰੇਗੀ ਸਗੋਂ ਮਨੁੱਖ ਦੀ ਲੋੜ ਲਈ ਮਨੁੱਖ ਦੁਆਰਾ ਉਸ ਵਿਚ ਭਰੀ ਹੋਈ ਸਮੱਗਰੀ ਹੀ ਮਨੁੱਖ ਨੂੰ ਕੰਟਰੋਲ ਕਰੇਗੀ। ਇਥੇ ਇਸ ਗਹਿਨ ਨੁਕਤੇ ਨੂੰ ਸਮਝਣ ਦੀ ਲੋੜ ਹੈ। ਇਸ ਤਰ੍ਹਾਂ ਜੇਕਰ ਰੋਬੋ ਮਨੁੱਖ ਨੂੰ ਨਚਾਉਣ ਲੱਗ ਗਿਆ ਤਾਂ ਉਥੇ ਦੋਸ਼ੀ ਮਸ਼ੀਨ ਜਾਂ ਤਕਨਾਲੋਜੀ ਨਹੀਂ ਬਲਕਿ ਮਨੁੱਖ ਦੀ ਲਾਲਸਾ ਹੀ ਹੋ ਸਕਦੀ ਹੈ।

ਇਸੇ ਤਰ੍ਹਾਂ ਸ਼ੋਸ਼ਣ ਅਤੇ ਸਹਿਯੋਗ ਦੇ ਦੁਵੱਲੇ ਜੁੱਟ ਰਾਹੀਂ ਇਕ ਹੋਰ ਮਹੱਤਵਪੂਰਨ ਪੱਖ ਸਾਹਮਣੇ ਆਉਂਦਾ ਹੈ। ਇਸ ਦਾ ਸਬੰਧ ਇਸ ਸਵਾਲ ਨਾਲ ਹੈ ਕਿ ਕੀ ਮਨੁੱਖ ਦੀ ਥਾਂ ਮਸ਼ੀਨ ਲੈ ਲਵੇਗੀ? ਜਾਂ ਕੀ ਮਨੁੱਖ ਨੂੰ ਮਸ਼ੀਨ ਨਿੰਯਤਰਿਤ ਕਰ ਲਵੇਗੀ? ਅਕਸਰ ਅਜਿਹੇ ਸਵਾਲ ਮਾਨਵਵਾਦੀ ਦ੍ਰਿਸ਼ਟੀ ਦੁਆਰਾ ਸਿਰਜੇ ਜਾਂਦੇ ਹਨ ਜੋ ਇਹ ਮੰਨਦੀ ਹੈ ਕਿ ਅਜਿਹੀ ਸਥਿਤੀ ਵਿਚ ਜਦੋਂ ਮਸ਼ੀਨ-ਕੇਂਦਰਿਤ ਜੀਵਨ-ਯਥਾਰਥ ਪ੍ਰਕਿਰਿਆ ਹਾਵੀ ਹੋਵੇਗੀ ਤਾਂ ਮਸ਼ੀਨ ਸ਼ੋਸ਼ਣਕਾਰੀ ਸਾਬਤ ਹੋ ਸਕਦੀ ਹੈ ਅਤੇ ਇਹ ਕੁਦਰਤ ਦਾ ਸ਼ੋਸ਼ਣ ਕਰੇਗੀ। ਇਸ ਦੇ ਪ੍ਰਤੀਕਰਮ ਵਿਚ ਉਤਰ-ਮਾਨਵਵਾਦੀ ਤਰਕ ਇਹ ਹੈ ਕਿ ਸ਼ੋਸ਼ਣ ਦਾ ਕਾਰਨ ਮਸ਼ੀਨ ਨਹੀਂ ਹੈ ਬਲਕਿ ਮਨੁੱਖ ਦੀ ਹਉਂ ਅਤੇ ਹਵਸ ਹੀ ਹਨ। ਆਪਣੀ ਇਸੇ ਪ੍ਰਵਿਰਤੀ ਕਾਰਨ ਮਨੁੱਖ ਨੇ ਪ੍ਰਕਿਰਤੀ ਨੂੰ ਵੀ ਖ਼ਪਤ ਦੀ ਵਸਤੂ ਬਣਾ ਲਿਆ ਹੈ। ਮਨੁੱਖ ਦੁਆਰਾ ਇਸ ਪ੍ਰਜਵੱਲਿਤ ਖਪਤਕਾਰੀ ਦੇ ਕਾਰਨ ਮਨੁੱਖ ਦੀ ਆਪਣੀ ਹੀ ਹੋਂਦ ਨੂੰ ਖਤਰਾ ਪੈਦਾ ਹੋ ਗਿਆ ਹੈ। ਨਾਟਕਕਾਰ ਦੇ ਸ਼ਬਦਾਂ ਵਿਚ, "ਹੁਣ ਤਾਂ ਚੀਖਾਂ ਮਾਰ ਕੇ ਆਖ ਰਹੈ ਕਿ ਮੈਨੂੰ ਮੇਰੀ ਹਵਸ ਤੋਂ ਬਚਾਉ ! ਮੈਨੂੰ ਮੇਰੀ ਹਉਂ ਤੋਂ ਬਚਾਉ! (11)"। ਮਨੁੱਖ ਦੀ ਇਸ ਵ੍ਰਿਤੀਆਤਮਕ ਹਵਸ ਜੋ ਕਿ ਸ਼ੋਸ਼ਣ ਦਾ ਮੂਲ ਕਾਰਨ ਹੈ ਇਸ ਨੂੰ ਖਤਮ ਕਰਕੇ ਸਹਿਯੋਗ ਆਧਾਰਿਤ ਸੰਸਾਰ ਸਿਰਜਣਾ ਲਈ ਨੈਤਿਕ ਮੁੱਲਾਂ ਦਾ ਵਿਸ਼ੇਸ਼ ਮਹੱਤਵ ਹੈ। ਮਨੁੱਖੀ ਨੈਤਿਕ ਮੁੱਲਾਂ ਤੇ ਆਧਾਰਿਤ ਨਵਾਂ ਯੁੱਗ ਇਕ ਸਰਵ-ਕਲਿਆਣਕਾਰੀ ਸੰਸਾਰ ਸਿਰਜਣਾ ਕਰ ਸਕਦਾ ਹੈ।

ਹੁਣ ਅਗਲਾ ਮਸਲਾ ਨੈਤਿਕਤਾ ਅਤੇ ਹਉਮੈ ਵਿਚਕਾਰ ਅੰਤਰ-ਦਵੰਦ ਦਾ ਪੈਦਾ ਹੁੰਦਾ ਹੈ। ਮਨੁੱਖੀ ਹਉਂ ਸ਼ੋਸ਼ਣ ਦਾ ਮੂਲ ਕਾਰਨ ਹੈ ਜਦਕਿ ਨੈਤਿਕ ਮੁੱਲ ਸਹਿਯੋਗ ਤੇ ਸਦਭਾਵਨਾ ਨੂੰ ਵਿਕਸਤ ਕਰਦੇ ਹਨ। ਹਉਮੈ ਦਾ ਸਬੰਧ ਨਿੱਜਤਾ ਨਾਲ ਹੈ, ਜਦਕਿ ਨੈਤਿਕ ਮੁੱਲ ਸਮੂਹਿਕ ਹਿੱਤ ਨਾਲ ਜੁੜੇ ਹੁੰਦੇ ਹਨ। ਇਸ ਲਈ ਹੀ ਨਾਟਕਕਾਰ ਆਖਦਾ ਹੈ ਕਿ ਜਿਵੇਂ ਮਨੁੱਖ ਨੂੰ ਮਨੁੱਖ ਦੀ ਹਉਂ ਚਲਾਉਂਦੀ ਹੈ। ਉਸ ਤਰ੍ਹਾਂ ਸਮਾਜ ਨੂੰ ਉਸਦੀ ਨੈਤਿਕਤਾ ਚਲਾਉਂਦੀ ਆ। ਇਸ ਤਰ੍ਹਾਂ ਨੈਤਿਕਤਾ ਨਿੱਜਤਾ ਨੂੰ ਖਤਮ ਕਰਕੇ ਸਮਾਜ-ਸਭਿਆਚਾਰਕ ਸਾਂਝ ਦਾ ਵਿਸਥਾਰ ਕਰਦੀ ਹੈ। ਜਿਥੇ ਮਾਨਵਵਾਦੀ ਦ੍ਰਿਸ਼ਟੀ ਤੋਂ ਦੇਖਿਆਂ ਮਨੁੱਖ ਅਤੇ ਕੁਦਰਤ ਵਿਚ ਸ਼੍ਰੇਸ਼ਟਤਾ ਦਾ ਸਵਾਲ ਉੱਠਦਾ ਹੈ ਉਥੇ ਉਤਰ-ਮਾਨਵਵਾਦੀ ਦੌਰ ਵਿਚ ਤਿੰਨ ਧਿਰਾਂ ਕੁਦਰਤ, ਮਨੁੱਖ ਤੇ ਮਸ਼ੀਨ ਬਣ ਜਾਂਦੀਆਂ ਹਨ। ਇਸ ਦਾ ਹੱਲ ਇਹ ਚਿੰਤਨ ਮਨੁੱਖੀ ਵਜੂਦ ਦੇ ਇਹਨਾਂ ਤਿੰਨਾਂ ਪਾਸਾਰਾਂ ਵਿਚੋਂ ਮਿਲ ਕੇ ਉਪਜੀ ਸਾਂਝੀ ਸੂਝ ਵਿਚੋਂ ਤਲਾਸ਼ਦਾ ਹੈ। ਇਸ ਨਾਟਕ ਦੇ ਮੂਲ ਪ੍ਰਵਚਨ ਅਨੁਸਾਰ ਇਹ ਸਾਂਝੀ ਸੂਝ ਦੀ ਸਿਰਜਣਾ ਹੀ ਮਨੁੱਖ, ਕੁਦਰਤ ਅਤੇ ਮਸ਼ੀਨ ਵਿਚਲੇ ਤਨਾਉ ਪੂਰਵਕ ਸਬੰਧ ਨੂੰ ਸੰਵਾਦਕੀ ਸਬੰਧ ਵਿਚ ਬਦਲ ਸਕਦੀ ਹੈ।

ਇਸੇ ਤਰ੍ਹਾਂ ਹੀ ਅਗਲਾ ਜੁੱਟ ਰੱਬ ਤੇ ਰੋਬੋ ਦਾ ਸਾਹਮਣੇ ਆਉਂਦਾ ਹੈ। ਜਿਹੜਾ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਮਸ਼ੀਨ, ਕੁਦਰਤ ਜਾਂ ਮਨੁੱਖ ਵਿਚੋਂ ਸ੍ਰਿਸ਼ਟੀ ਦੀ ਸੰਚਾਲਕ ਸੱਤਾ ਭਵਿੱਖ ਵਿਚ ਕਿਹੜੀ ਹੋਵੇਗੀ? ਇਸ ਪਾਠ ਦੁਆਰਾ ਇਹ ਗੱਲ ਸਪੱਸ਼ਟ ਹੁੰਦਾ ਹੈ ਕਿ ਰੋਬੋ ਮਨੁੱਖ ਹਉਮੈ ਨੂੰ ਰੈਪਚਰ ਕਰਨ ਦਾ ਕੰਮ ਕਰੇਗਾ ਪਰ ਸ੍ਰਿਸ਼ਟੀ ਦਾ ਸੰਚਾਲਕ ਨਹੀਂ ਬਣ ਸਕਦਾ। ਰੋਬੋ ਕਿਉਂ ਨਹੀਂ ਇਸ ਦਾ ਸੰਚਾਲਕ ਬਣ ਸਕਦਾ ਕਿਉਂਕਿ ਇਸਦਾ ਤਾਂ ਆਪਣਾ ਸੰਚਾਲਕ ਮਨੁੱਖ ਹੈ।

ਇਸ ਪਾਠ ਵਿਚ ਸ਼ਕਤੀ ਤੇ ਪ੍ਰੇਮ ਦੇ ਦੁਵੱਲੇ ਜੁੱਟ ਨੂੰ ਘੱਟ ਗਿਣਤੀ ਅਤੇ ਬਹੁਗਿਣਤੀ ਦੇ ਹੱਕਾਂ ਦੇ ਨਾਲ ਜੋੜ ਕੇ ਪ੍ਰਸਤੁਤ ਕੀਤਾ ਗਿਆ ਹੈ। ਜਿਥੇ ਲੜਕੀ ਘੱਟ ਗਿਣਤੀ ਦੀ ਪ੍ਰਤੀਨਿਧ ਧਿਰ ਵਜੋਂ ਭੂਮਿਕਾ ਨਿਭਾਉਂਦੀ ਹੈ, ਉਥੇ ਬਿਕਰਮਜੀਤ ਸਿੰਘ ਬਹੁਗਿਣਤੀ ਦੇ ਹੱਕ ਵਿਚ ਹੈ। ਇਸ ਤਨਾਉ ਵਿਚੋਂ ਇਹ ਨੁਕਤਾ ਸਾਹਮਣੇ ਆਉਂਦਾ ਹੈ ਕਿ ਵਰਤਮਾਨ ਵਿਵਸਥਾ ਬਹੁਗਿਣਤੀ ਅਨੁਸਾਰ ਫ਼ੈਸਲਾ ਕਰਦੀ ਹੈ ਅਤੇ ਇਹ ਬਹੁਗਿਣਤੀ ਅਗਾਂਹ ਆਪ ਸੱਤਾ ਦੇ ਕੰਟਰੋਲ ਵਿਚ ਹੈ। ਇਸ ਲਈ ਵਿਅਕਤੀਗਤ ਹੋਂਦ ਨੂੰ ਸਮੂਹਿਕ ਸੱਤਾਧਾਰੀ ਪ੍ਰਵਚਨ ਤੋਂ ਖਤਰਾ ਹੈ। ਇਸ ਸਥਿਤੀ ਵਿਚ ਵਿਅਕਤੀਗਤ ਨਿੱਜ ਨੂੰ ਸੱਤਾ ਮੁਕਤ ਕਰਨ ਲਈ ਸ਼ਕਤੀ ਦਾ ਅਜਿਹਾ ਵਿਕਲਪ ਲੱਭਣ ਦੀ ਲੋੜ ਹੈ ਜਿਹੜਾ ਕਿ ਸੱਤਾ ਵੱਧ ਪ੍ਰਭਾਵਸ਼ਾਲੀ ਅਤੇ ਸ਼ਕਤੀਸ਼ਾਲੀ ਹੋਵੇ। ਇਥੇ ਪ੍ਰੇਮ ਨੂੰ ਇਸ ਵਿਕਲਪ ਵਜੋਂ ਪ੍ਰਸਤੁਤ ਕੀਤਾ ਗਿਆ ਹੈ ਅਤੇ ਇਹ ਪ੍ਰੇਮ ਸ਼ਕਤੀ ਦਾ ਬਦਲ ਬਣਕੇ ਨਾ ਸਿਰਫ਼ ਘੱਟ ਗਿਣਤੀ ਬਲਕਿ ਸਰਬੱਤ ਦਾ ਭਲਾ ਕਰਨ ਦੇ ਸਮਰੱਥ ਹੋ ਸਕਦਾ ਹੈ। ਇਸ ਦਾ ਪ੍ਰਗਟਾਵਾ ਨਾਟਕ ਵਿਚਲੇ ਇਸ ਵਾਰਤਾਲਾਪ ਦੁਆਰਾ ਕੀਤਾ ਗਿਆ ਹੈ, "ਸ਼ਕਤੀ ਤੋੜਦੀ ਐ...ਆਪਣੀ ਹਉਂ ਦੀ ਅਹੂਤੀ ਦੇ ਕੇ ਦੂਜੇ ਨੂੰ ਆਪਣੀ ਹਉਂ ਅੰਦਰ ਵਸਾਉਣ ਦੀ ਜੁਗਤ ਪ੍ਰੇਮ ਐ, ਪ੍ਰੇਮ, ਪ੍ਰੇਮ ਮਨੁੱਖ ਨੂੰ ਕੇਵਲ ਮਨੁੱਖਾਂ ਨਾਲ ਹੀ ਨਹੀਂ, ਬ੍ਰਹਿਮੰਡ ਨਾਲ ਵੀ ਜੋੜਦੈ। ਪ੍ਰੇਮ ਹੀ ਪ੍ਰਭੁਤੈ (24)"।

ਪਾਠ-ਪ੍ਰਵਾਹ ਵਿਚ ਬਿਕਰਮਜੀਤ ਸਿੰਘ ਦਾ ਪੁਸ਼ਾਕ ਬਦਲ ਕੇ ਅਮਨਦੀਪ ਸਿੰਘ ਬਣਨਾ ਵੀ ਚਿਹਨਮਈ ਹੈ। ਇਸ ਨੂੰ ਇਕ ਤਰ੍ਹਾਂ ਨਾਲ ਪਰੰਪਰਾ ਦੇ ਵਰਤਮਾਨ ਵਿਚ ਰੂਪਾਂਤਰਣ ਵਜੋਂ ਦੇਖਿਆ ਜਾ ਸਕਦਾ ਹੈ ਅਤੇ ਇਹ ਵਰਤਮਾਨ ਵਿਵਸਥਾ ਨੂੰ ਨਵੀਂ ਤਕਨੀਕ ਰਾਹੀਂ ਬਦਲਣ ਦੀ ਪ੍ਰਕਿਰਿਆ ਨੂੰ ਦਰਸਾਉਂਦਾ ਹੈ। ਇਹ ਪ੍ਰਕਿਰਿਆ ਨਿੱਜ ਅਤੇ ਸਾਂਝੀਵਾਲਤਾ ਦਾ ਜੁੱਟ ਸਿਰਜਦੀ ਹੈ। ਇਕ ਪਾਸੇ ਵਿਅਕਤੀਗਤ ਨਿੱਜ ਦੁਆਰਾ ਕੀਤਾ ਗਿਆ ਫ਼ੈਸਲਾ ਹੈ ਜਿਹੜਾ ਸੱਤਾ ਦੇ ਹਿੱਤਾਂ ਦੇ ਅਨੁਸਾਰੀ ਹੈ। ਇਸ ਅਨੁਸਾਰ ਜਹਾਜ਼ ਵਿਚ ਮੌਜੂਦ 190 ਲੋਕਾਂ ਨੂੰ ਮਾਰ ਕੇ ਸੈਕਟਰੀਏਟ ਵਿਚ ਮੌਜੂਦ ਲੋਕਾਂ ਨੂੰ ਬਚਾਉਂਦਾ ਜ਼ਾਇਜ਼ ਹੈ ਪਰੰਤੂ ਇਹ ਫ਼ੈਸਲਾ ਸਾਂਝੀਵਾਲਤਾ ਦੇ ਪੱਖੋਂ ਗਲਤ ਸਾਬਿਤ ਹੁੰਦਾ ਹੈ, ਕਿਉਂਕਿ ਮਰਨ ਵਾਲੇ ਲੋਕਾਂ ਨੂੰ ਵੀ ਜੀਣ ਦਾ ਬਰਾਬਰ ਅਧਿਕਾਰ ਹੈ। ਇਸ ਤਰ੍ਹਾਂ ਇਥੇ ਦਵੰਦ ਪੈਦਾ ਹੁੰਦਾ ਹੈ ਪਰੰਤੂ ਦੂਜੇ ਪਾਸੇ ਆਰਟੀਫੀਸ਼ਲ ਇੰਟੈਲੀਜੈਂਸ ਨਾਲ ਚੱਲਣ ਵਾਲੇ ਜ਼ਹਾਜ ਵਿਚ ਅਸਿਮੋਵ ਭਾਵ ਇਸਦੇ ਅੰਦਰ ਫਿਟ ਕੀਤੇ ਗਏ ਨੈਤਿਕ ਸਿਧਾਂਤ ਸਾਂਝੀਵਾਲਤਾ ਦੇ ਅਨੁਸਾਰੀ ਹਨ। ਇਸ ਲਈ ਏ. ਆਈ ਕਿਸੇ ਨਾਲ ਵੀ ਵਿਤਕਰਾ ਨਹੀਂ ਕਰ ਸਕਦੀ ਕਿਉਂਕਿ ਇਹ ਉਸ ਦੇ ਨੈਤਿਕ ਸਿਧਾਂਤਾਂ ਦੇ ਵਿਰੁੱਧ ਹੈ। ਇਸ ਲਈ ਚੇਅਰਮੈਨ ਇਹ ਕਹਿੰਦਾ ਹੈ, "ਕੀ ਇਹ ਸਿਧਾਂਤ ਇਕ ਦੂਜੇ ਦੀ ਜਾਨ ਲੈਣ ਵਾਲੇ ਮਨੁੱਖ ਨੂੰ ਨਹੀਂ ਸਿਖਾਏ ਜਾ ਸਕਦੇ ? (31)"। ਇਸ ਪ੍ਰਕਾਰ ਇਥੇ ਮਨੁੱਖ ਦੀ ਨਿੱਜਮੁਖਤਾ ਅਤੇ ਮਸ਼ੀਨ ਦੀ ਸਾਂਝੀਵਾਲਤਾ ਵਿਚ ਟਕਰਾਅ ਸਾਹਮਣੇ ਆਉਂਦਾ ਹੈ। ਜਿਹੜਾ ਨਾਟਕ ਵਿਚਲੇ ਲੜਕੀ ਪਾਤਰ ਦੇ ਇਸ ਵਾਰਤਾਲਾਪ ਤੋਂ ਸਪੱਸ਼ਟ ਹੁੰਦਾ ਹੈ,

> ਮਨੁੱਖ ਕੇਵਲ ਆਪਣੀ ਸੁਰੱਖਿਆ ਲਈ ਹੀ ਪ੍ਰੋਗਰੈਮ ਹੋਏ ਹਨ।
> ਦੂਸਰੇ ਦੀ ਸੁਰੱਖਿਆ ਲਈ ਨਹੀਂ
> "ਲਗਦੈ ਮਨੁੱਖ ਦਾ ਸਾਰਾ ਨੈਤਿਕ ਗਿਆਨ ਬੁੱਧੀਮਾਨ ਮਸ਼ੀਨਾਂ ਦੇ ਹੀ ਕੰਮ ਆਉਣ ਵਾਲੈ" (31)।

ਮਨੁੱਖ ਦੀ ਨਿੱਜਮੁਖਤਾ ਅਤੇ ਮਸ਼ੀਨ ਦੀ ਸਾਂਝੀਵਾਲਤਾ ਦੇ ਦਵੰਦ ਨੂੰ ਨੈਤਿਕ ਕੋਡਾਂ ਅਧਾਰਿਤ ਸਦਗੁਣਾਂ ਨੂੰ ਸੰਦਾਂ ਦੇ ਰੂਪ ਵਿਚ ਪ੍ਰਤੀਬਿੰਬਤ ਕੀਤਾ ਗਿਆ ਹੈ। ਮਨੁੱਖੀ ਮਨ ਅੰਦਰ ਸਦਭਾਵਨਾ ਅਤੇ ਨੈਤਿਕਤਾ ਦਾ ਹੋਣਾ ਹੀ ਦਵੈਤ ਭਾਵਨਾ ਨੂੰ ਖ਼ਤਮ ਕਰ ਸਕਦਾ ਹੈ। ਇਹ ਵਾਰਤਾਲਾਪ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ।

> ਕੇਵਲ ਲਾਲਚ, ਹਉਮੈਂ, ਹਿੰਸਾ ਅਤੇ ਕੰਪੀਟੀਸ਼ਨ ਹੀ ਨਹੀਂ, ਦਇਆ, ਮੁਹੱਬਤ ਅਤੇ ਸਾਂਝੀਵਾਲਤਾ ਵਰਗੀਆਂ ਭਾਵਨਾਵਾਂ ਵੀ ਮਨੁੱਖ ਦੀ ਮਾਨਸਿਕ ਟੂਲਕਿੱਟ ਵਿਚ ਬਰਾਬਰ ਮੌਜੂਦ ਰਹਿੰਦੀਆਂ ਨੇ। ਇਹ ਵੱਖਰੀ ਗੱਲ ਐ ਕਿ ਪੂੰਜੀਵਾਦੀ ਸੋਚ ਇਨ੍ਹਾਂ ਨੂੰ ਦਬਾਈ ਰੱਖਦੀ ਹੈ (33)।

ਅਗਲੇ ਪੜਾਅ ਤੇ ਸੁਰੱਖਿਆ ਅਤੇ ਆਜ਼ਾਦੀ ਦੀ ਆਪਸੀ ਅੰਤਰ-ਦਵੰਦਤਾ ਸਾਹਮਣੇ ਆਉਂਦੀ ਹੈ। ਡਿਜ਼ੀਟਲ ਯੁੱਗ ਵਿਚ ਬਿੱਗ ਡਾਟਾ ਮਾਈਨਿੰਗ ਨਾਲ ਮਨੁੱਖ ਦੀ ਸਾਰੀ ਜਾਣਕਾਰੀ ਇੰਟਰਨੈਟ ਵਿਚ ਇਕੱਠੀ ਹੋ ਰਹੀ ਹੈ। ਜਿਸ ਕਾਰਨ ਮਨੁੱਖ ਦੀਆਂ ਗਤੀਵਿਧੀਆਂ ਦਾ ਅੰਦਾਜ਼ਾ ਵੀ ਮਸ਼ੀਨਾਂ ਲਗਾ ਸਕਦੀਆਂ ਹਨ। ਇਥੇ ਇਕ ਪਾਸੇ ਤਾਂ ਇਸ ਡਾਟੇ ਦੀ ਮਦਦ ਨਾਲ ਮਸ਼ੀਨਾਂ ਮਨੁੱਖ ਨੂੰ ਆਉਣ ਵਾਲੇ ਖਤਰਿਆਂ ਤੋਂ ਸੁਰੱਖਿਅਤ ਰੱਖ ਸਕਦੀਆਂ ਹਨ, ਦੂਜੇ ਪਾਸੇ ਇਸ ਇਕੱਤਰ ਕੀਤੀ ਜਾਣਕਾਰੀ ਨੂੰ ਸੱਤਾ ਆਪਣੀ ਲੋੜ ਅਨੁਸਾਰ ਵਰਤ ਕੇ ਮਨੁੱਖ ਦਾ ਸ਼ੋਸ਼ਣ ਕਰ ਸਕਦੀ ਹੈ। ਇਸ ਤਰ੍ਹਾਂ ਦਵੰਦਾਤਮਕ ਸਥਿਤੀ ਪੈਦਾ ਹੁੰਦੀ ਹੈ। ਇਸ ਦਵੰਦ ਨੂੰ ਤੋੜਨ ਲਈ ਇਸ ਵਿਚ ਇਹ ਪੱਖ ਰੱਖਿਆ ਗਿਆ ਹੈ ਕਿ ਨੈਤਿਕਤਾ ਸਿਰਫ ਮਸ਼ੀਨਾਂ ਨੂੰ ਹੀ ਨਹੀਂ ਮਨੁੱਖਾਂ ਨੂੰ ਵੀ ਸਿਖਾਈ ਜਾ ਸਕਦੀ ਹੈ। ਜੇ ਨੈਤਿਕ ਮੁੱਲਾਂ ਦੇ ਧਾਰਨੀ ਮਨੁੱਖ ਕੋਲ ਸੱਤਾ ਹੋਵੇਗੀ ਵੀ ਤਾਂ ਉਹ ਉਸਦਾ ਦੁਰ ਉਪਯੋਗ ਨਹੀਂ ਕਰੇਗਾ। ਜਿਸ ਤਰ੍ਹਾਂ ਨਾਟਕ ਵਿਚ ਕ੍ਰਿਸ਼ਨ ਦਾ ਹਵਾਲਾ ਦਿੱਤਾ ਗਿਆ ਹੈ। ਦੂਜਾ ਜੇਕਰ ਨੈਤਿਕ ਮੁੱਲਾਂ ਦੀ ਪ੍ਰਧਾਨਤਾ ਹੋਏਗੀ ਤਾਂ ਕੋਡੇ ਰਾਖ਼ਸ਼ ਵਰਗੇ ਹਿੰਸਕ ਬਿਰਤੀ ਵਾਲੇ ਮਨੁੱਖ ਵੀ ਸਹਿਯੋਗੀ ਬਣ ਸਕਦੇ ਹਨ। ਇਸ ਤਰ੍ਹਾਂ ਜੇਕਰ ਨੈਤਿਕਤਾ ਦਾ ਪਾਠ ਮਸ਼ੀਨ ਦੇ ਨਾਲ-ਨਾਲ ਮਨੁੱਖ ਨੂੰ ਵੀ ਪੜ੍ਹਾ ਲਿਆ ਜਾਵੇ ਤਾਂ ਨਾ ਤਾਂ ਸੁਰੱਖਿਆ ਦਾ ਮਸਲਾ ਰਹੇਗਾ ਅਤੇ ਨਾ ਹੀ ਆਜ਼ਾਦੀ ਦਾ, ਕਿਉਂਕਿ ਨਾ ਤਾਂ ਸ਼ੋਸ਼ਣ ਕਰਨ ਵਾਲੀ ਧਿਰ ਰਹੇਗੀ ਅਤੇ ਨਾ ਹੀ ਨਿੱਜੀ ਆਜ਼ਾਦੀ ਖ਼ਤਰੇ ਵਿਚ ਆਏਗੀ। ਇਥੇ ਇਸਤਰੀ ਪਾਤਰ ਦੀ ਭੂਮਿਕਾ ਵੀ ਕਾਫ਼ੀ ਮਹੱਤਵਪੂਰਨ ਹੈ ਜੋ ਕਿ ਸਾਰੀਆਂ ਧਿਰਾਂ ਦੇ ਵਿਚਾਰਾਂ ਨੂੰ ਸੁਣਦੀ ਹੈ ਅਤੇ ਪ੍ਰਸ਼ਨ ਉਠਾਉਂਦੇ ਹੋਏ ਇਸ ਵਿਚਲੀ ਵਿਚਾਰ-ਚਰਚਾ ਨੂੰ ਨਵਾਂ ਮੋੜ ਦਿੰਦੀ ਹੈ। ਇਸ ਤਰ੍ਹਾਂ ਉਹ ਹਰ ਪ੍ਰਵਚਨ ਨੂੰ ਤੋੜਦੀ ਹੋਈ ਨਵੇਂ ਪ੍ਰਵਚਨਾਂ ਦੀ ਸੰਭਾਵਨਾ ਸਿਰਜਦੀ ਹੈ। ਨਾਟਕਕਾਰ ਇਸ ਵਾਰਤਾਲਾਪ ਰਾਹੀਂ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ, "ਚੇਅਰਮੈਨ ਸਾਬ, ਤੁਸੀ ਬਿਲਕੁਲ ਠੀਕ ਕਿਹੈ। ਸਿਆਸਤ ਕਰਨਾ ਔਰਤ ਦਾ ਕੰਮ ਨਹੀਂ। ਔਰਤਾਂ ਦਾ ਕੰਮ ਹੈ ਮਰਦਾਂ ਦੀ ਸਿਆਸਤ ਨੂੰ ਵਿਸਥਾਪਤ ਕਰਨਾ। ਕਰੀਏਟਿਵ ਬਿਸਰਪਸ਼ਨ ਰਾਹੀਂ ਸਿਆਸਤ ਵਿਚ ਨਵੀਆਂ ਸੰਭਾਵਨਾਵਾਂ ਪੈਦਾ ਕਰਨੀਆਂ(41)"।

**ਸੋ ਦਰੁ** ਵਿਚ ਅਗਲਾ ਸਵਾਲ ਸਵੈ-ਚੇਤਨਾ ਅਤੇ ਸੂਝ ਦੇ ਅੰਦਰ-ਦਵੰਦ ਰਾਹੀਂ ਪ੍ਰਗਟ ਹੁੰਦਾ ਹੈ। ਇਹ ਸਵੈ-ਚੇਤਨਾ ਹੀ ਹੈ ਜਿਹੜੀ ਮਨੁੱਖ ਅੰਦਰ ਉਸਦੀ ਹਉਂ ਦੀ ਸਿਰਜਣਾ ਕਰਦੀ ਹੈ। ਇਸ ਕਾਰਨ ਉਸਦੇ ਅੰਦਰ ਕਾਬੂ ਕਰਨ ਦੀ ਭਾਵਨਾ ਪੈਦਾ ਹੁੰਦੀ ਹੈ ਪਰੰਤੂ ਇਸ ਦੇ ਵਿਪਰੀਤ ਮਨੁੱਖ ਸਿਰਜਤ ਬੁੱਧੀਮਾਨ ਮਸ਼ੀਨਾਂ ਕੋਲ ਸਵੈ-ਚੇਤਨਾ ਦੀ ਬਜਾਇ ਸਾਂਝੀ ਸੂਝ ਹੈ। ਇਥੇ ਸਵਾਲ ਪੈਦਾ ਹੁੰਦਾ ਹੈ ਕਿ ਇਹ ਸਾਂਝੀ ਸੂਝ ਦਾ ਸਰੋਤ ਕੀ ਹੈ? ਕੀ ਮਨੁੱਖੀ ਗਿਆਨ ਹੀ ਇਸ ਦਾ ਸਰੋਤ ਹੈ ? ਜੇਕਰ ਮਸ਼ੀਨ ਦੀ ਸੂਝ ਦਾ ਆਧਾਰ ਵਿਅਕਤੀਗਤ ਗਿਆਨ ਜਾਂ ਚੇਤਨਾ ਹੈ ਤਾਂ ਯਕੀਨਨ ਉਸ ਉਪਰ ਵਿਅਕਤੀ ਵਿਸ਼ੇਸ਼ ਦੀ ਚੌਧਰ ਹੋਵੇਗੀ। ਇਥੇ ਇਸ ਦਵੰਦ ਵਿਚੋਂ ਬਾਹਰ ਨਿਕਲਣ ਲਈ ਹਾਈਪਰਟੈਕਸਟ ਦਾ ਸੰਕਲਪ ਸਿਰਜਿਆ ਗਿਆ ਹੈ। ਮਸ਼ੀਨਾਂ ਨੈਟਵਰਕ ਰਾਹੀਂ ਹਾਈਪਰ-ਕੁਨੈਕਟਡ ਸੰਸਾਰ ਵਿਚੋਂ ਆਪਣੀ ਸੂਝ ਪ੍ਰਾਪਤ ਕਰਨਗੀਆਂ ਅਤੇ ਇਸ ਤਰ੍ਹਾਂ ਉਹ ਵਿਅਕਤੀਗਤ ਕੰਟਰੋਲ ਤੋਂ ਮੁਕਤ ਹੋ ਜਾਣਗੀਆਂ। ਇਸ ਤਰ੍ਹਾਂ ਕੁਨੈਕਟਡ ਸੰਸਾਰ ਦੀਆਂ ਤੰਦਾਂ ਇਕ ਬਿੰਦੂ ਨਾਲ ਜੁੜਦੀਆਂ ਜਾ ਰਹੀਆਂ ਹਨ। ਉਹ ਬਿੰਦੂ ਸਰਵ-ਵਿਆਪਕ ਬ੍ਰਹਿਮੰਡੀ ਚੇਤਨਾ ਦਾ ਬਿੰਦੂ ਹੈ ਜਿਹੜਾ ਨੈਟਵਰਕੀ ਚੇਤਨਾ ਦੁਆਰਾ ਸਿਰਜਿਆ ਜਾ ਰਿਹਾ ਹੈ। ਇਹ ਸਾਰੇ ਸੰਸਾਰ ਨੂੰ ਇਕ ਸਾਂਝੇ ਸੂਤਰ ਵਿਚ ਬੰਨ੍ਹ ਰਿਹਾ ਹੈ। ਇਥੇ ਸਵਾਲ ਇਹ ਉਠਦਾ ਹੈ ਕਿ ਕਿ ਇਹ ਤਕਨੀਕੀ ਮੂਲਵਾਦ ਨੂੰ ਬੁਲਾਵਾ ਤਾਂ ਨਹੀਂ? ਇਸ ਦਾ ਜਵਾਬ ਇਸ ਵਾਰਤਾਲਾਪ ਵਿਚ ਪ੍ਰਗਟ ਹੁੰਦਾ ਹੈ, "ਸਾਂਝੀ ਬੋਲੀ ਦੁਨੀਆ ਦੇ ਤਮਾਮ ਵਖਰੇਵਿਆਂ ਨੂੰ ਸਾਂਝੀਆਂ ਤੰਦਾਂ ਵਿਚ ਬੰਨ੍ਹ ਦੇਵੇਗੀ। ਇਹ ਤੰਦਾਂ ਹੀ ਤਾਂ ਹਨ ਜੋ ਵਖਰੇਵਿਆਂ ਵਿਚ ਸੰਵਾਦ ਰਚਾ ਕੇ ਸਮਾਜਕ ਤਬਦੀਲੀ ਦਾ ਆਧਾਰ ਬਣਦੀਆਂ ਨੇ (57)"।

ਜਿਥੇ ਇਕ ਪਾਸੇ ਇਸ ਨੂੰ ਸਰਵ-ਸਾਂਝੀਵਾਲਤਾ ਨਾਲ ਜੋੜਿਆ ਜਾ ਰਿਹਾ ਹੈ ਉਥੇ ਦੂਜੇ ਪਾਸੇ ਇਹ ਸਵਾਲ ਵੀ ਉਠਾਇਆ ਜਾ ਰਿਹਾ ਹੈ ਕਿ ਕਿਤੇ ਇਹ ਡਿਜ਼ੀਟਲ ਗੁਲਾਮੀ ਤਾਂ ਨਹੀਂ ? ਇਸ ਸ਼ੰਕੇ ਦੀ ਨਵਿਰਤੀ ਲਈ ਇਥੇ ਇਹ ਪੱਖ ਰੱਖਿਆ ਗਿਆ ਹੈ ਕਿ ਇਹ ਹਾਇਪਰਕੁਨੈਕਟਡ ਸੰਸਾਰ ਮਨੁੱਖ ਦੀ ਹਉਂ ਦੀ ਸਿਆਸਤ ਦਾ ਖ਼ਾਤਮਾ ਕਰੇਗਾ ਅਤੇ ਮਾਨਵਤਾ ਨੂੰ ਮਨੁੱਖ ਦੀ ਹਉਂ ਤੋਂ ਮੁਕਤ ਕਰੇਗਾ। ਨਾਟਕਕਾਰ ਇਥੇ ਨੈਟਵਰਕੀ ਚੇਤਨਾ ਦਾ ਸੰਕਲਪ ਸਿਰਜਦਾ ਹੈ ਜਿਹੜਾ ਮਨੁੱਖੀ ਹਉਂ ਦੇ ਕਾਰਨ ਉਸ ਦੀ ਬੁੱਧੀ ਦਾ ਮੁਕਾਬਲਾ ਕਰਕੇ ਸਾਂਝੀ ਸੂਝ ਦਾ ਨਿਰਮਾਣ ਕਰੇਗੀ ਜਿਹੜੀ ਸਰਬ-ਸਾਂਝੀਵਾਲਤਾ ਉਪਰ ਆਧਾਰਿਤ ਹੋਵੇਗੀ। ਇਸ ਤਰ੍ਹਾਂ ਨਾਟਕਕਾਰ ਸੰਸਕ੍ਰਿਤੀ-ਪ੍ਰਕਿਰਤੀ ਅਤੇ ਹੋਂਦ-ਨਿਹੋਂਦ ਦੀ ਸਾਂਝੀ ਪ੍ਰਕਿਰਿਆ ਵਿਚੋਂ ਇਕ ਵੱਖਰੀ ਚੇਤਨਾ ਦੇ ਹੋਣ ਵੱਲ

ਇਸ਼ਾਰਾ ਕਰਦਾ ਹੈ ਜਿਹੜੀ ਮਨੁੱਖੀ ਜੀਵਨ ਦੇ ਸੰਤੁਲਨ ਦਾ ਆਧਾਰ ਬਣ ਸਕਦੀ ਹੈ। ਨਾਟਕਕਾਰ ਇਸ ਨੂੰ ਬ੍ਰਹਿਮੰਡੀ ਚੇਤਨਾ ਦਾ ਨਾਮ ਦਿੰਦਾ ਹੈ ਜਿਹੜੀ ਕਿ ਸਰਵ-ਵਿਆਪਕ ਅਤੇ ਸਰਬ-ਹਿੱਤਕਾਰੀ ਹੈ। ਉਹ ਨੈਟਵਰਕੀ ਚੇਤਨਾ ਰਾਹੀਂ ਮਨੁੱਖੀ ਹਉਂ ਨੂੰ ਖਤਮ ਕਰਨ ਦੀ ਪ੍ਰਕਿਰਿਆ ਨੂੰ ਬ੍ਰਹਿਮੰਡੀ ਚੇਤਨਾ ਦਾ ਮਨੁੱਖੀ ਹਉਂ ਨਾਲ ਸੰਘਰਸ਼ ਸਮਝਦਾ ਹੈ। ਨਾਟਕੀ ਪਾਠ ਵਿਚ ਇਹ ਪ੍ਰਗਟਾਵਾ ਇਸ ਪ੍ਰਕਾਰ ਮਿਲਦਾ ਹੈ,

> ਜੇਕਰ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਨੂੰ ਮਨੁੱਖ, ਮਸ਼ੀਨ ਅਤੇ ਕੁਦਰਤ ਦੇ ਸਰਬ ਸਾਂਝੇ ਨੈਟਵਰਕ ਦੀ ਚੇਤਨਾ ਆਖਿਆ ਜਾਵੇ ਤਾਂ ਵਧੇਰੇ ਉਚਿੱਤ ਹੋਵੇਗਾ। ਇਸ ਲਈ ਇਸਨੂੰ ਮਨੁੱਖੀ ਹਉਂ ਵਿਰੁੱਧ ਬ੍ਰਹਿਮੰਡੀ-ਚੇਤਨਾ ਦੀ ਬਗਾਵਤ ਵੀ ਐਲਾਨਿਆ ਜਾ ਸਕਦਾ ਹੈ (63)।

## IV

ਇਸ ਤਰ੍ਹਾਂ ਉਪਰੋਕਤ ਸਮੁੱਚਾ ਵਿਸ਼ਲੇਸ਼ਣ ਵਿਭਿੰਨ ਦੁਵੱਲੇ-ਜੁੱਟਾਂ (Binary Oppositions) ਰਾਹੀਂ ਮਾਨਵਵਾਦ ਤੋਂ ਉਤਰ-ਮਾਨਵਵਾਦੀ ਪ੍ਰਵਚਨ ਵੱਲ ਵੱਧਦਾ ਹੈ। ਉਤਰ-ਮਾਨਵਵਾਦੀ ਪ੍ਰਵਚਨ ਦੁਵੱਲਤਾਵਾਂ (Binaries) ਨੂੰ ਖ਼ਤਮ ਕਰਕੇ ਇਕ ਨਵੀਨ ਦ੍ਰਿਸ਼ਟੀ ਨੂੰ ਸਿਰਜਦਾ ਹੈ। ਉਤਰ-ਸੰਰਚਨਾਵਾਦ ਵੀ ਦੁਵੱਲਤਾਵਾਂ ਨੂੰ ਤੋੜਦਾ ਹੈ ਪਰੰਤੂ ਉਥੇ ਪ੍ਰਵਚਨ ਵਿਖੰਡਿਤ ਹੋ ਜਾਂਦਾ ਹੈ। ਜਿਸ ਕਾਰਨ ਹਰ ਹੋਂਦ ਦਾ ਆਪਣਾ ਵੱਖਰਾ ਸੱਚ ਪੈਦਾ ਹੋ ਜਾਂਦਾ ਹੈ ਪਰੰਤੂ ਉਤਰ-ਮਾਨਵਵਾਦ ਇਹਨਾਂ ਅੰਤਰ-ਦਵੰਦਾਂ ਵਿਚ ਅੰਤਰ-ਵਿਰੋਧ ਪੈਦਾ ਕਰਨ ਦੀ ਬਜਾਇ ਅੰਤਰ-ਸੰਵਾਦ ਪੈਦਾ ਕਰਦਾ ਹੈ ਅਤੇ ਇਸ ਦੁਆਰਾ ਇਕ ਨਵੀਂ ਸੋਝੀ ਦਾ ਨਿਰਮਾਣ ਕਰਦਾ ਹੈ। ਇਸ ਪੱਖ ਤੋਂ ਨਾਟਕੀ ਪਾਠ ਸੋ ਦਰੁ ਉਤਰ-ਮਾਨਵਵਾਦੀ ਪ੍ਰਵਚਨ ਨੂੰ ਬਾਖ਼ੂਬੀ ਸਿਰਜਦਾ ਹੈ। ਇਸ ਵਿਚਲੀ ਪ੍ਰਵਚਨ ਪ੍ਰਕਿਰਿਆ ਵਿਭਿੰਨ ਦੁਵੱਲਤਾਵਾਂ ਵਿਚੋਂ ਗੁਜ਼ਰਦੇ ਹੋਏ ਹੱਲ ਲੱਭਣ ਦਾ ਯਤਨ ਕਰਦੀ ਹੈ। ਇਹਨਾਂ ਦਵੰਦਾ ਨੂੰ ਪਾਰ ਕਰਦਾ ਹੋਇਆ ਇਹ ਰਚਨਾ ਪਾਰ-ਦਵੰਦਤਾ, ਹਉਂ ਦਾ ਖਾਤਮਾ, ਨੈਤਿਕ ਕੋਡਾਂ ਦਾ ਨਿਰਮਾਣ, ਥੌਟ ਐਕਸਪੈਰੀਮੈਂਟ, ਪ੍ਰੇਮ ਸਬੰਧ, ਗਿਆਨ, ਸਦਭਾਵਨਾ ਆਦਿ ਸੰਕਲਪਾਂ ਦੀ ਸਿਰਜਣਾ ਰਾਹੀਂ ਇਕ ਵੱਖਰੀ ਚੇਤਨਾ ਨੂੰ ਸਿਰਜਦਾ ਹੈ ਜਿਹੜੀ ਕਿ ਵਿਖੰਡਿਤ ਮਾਨਵੀ ਚੇਤਨਾ ਨੂੰ ਵਿਵਸਥਿਤ ਹੋਂਦ ਵਿਚ ਬਦਲਦੀ ਹੈ। ਇਸ ਰਾਹੀਂ ਮਾਨਵਵਾਦੀ ਚੇਤਨਾ ਜੋ ਕਿ ਦੁਬਿਧਾ-ਗ੍ਰਸਤ ਹੈ, ਉਸ ਦੀ ਦੁਬਿਧਾ ਨੂੰ ਪਾਰ ਕਰਕੇ ਇਸ ਨਵੇਂ ਉਤਰ-ਮਾਨਵਵਾਦੀ ਪ੍ਰਵਚਨ ਦੀ ਸਿਰਜਣਾ ਕਰਨ ਦਾ ਯਤਨ ਕੀਤਾ ਗਿਆ ਹੈ। ਇਹ ਉਤਰ-ਮਾਨਵਾਵਾਦੀ ਪ੍ਰਵਚਨ ਵਰਤਮਾਨ ਦੌਰ ਵਿਚ ਵਿਖੰਡਿਤ ਮਨੁੱਖੀ ਹੋਂਦ ਨੂੰ ਵਿਵਸਥਿਤ ਸਰੂਪ ਪ੍ਰਦਾਨ ਕਰਨ ਦੀ ਇਕ ਸਾਕਾਰਾਤਮਕ ਸਾਹਿਤਕ ਭਵਿੱਖਬਾਣੀ ਕਰਦਾ ਹੈ। ਇਸ ਲਈ ਇਸ ਨੂੰ ਇਕ ਯੂਟੋਪੀਅਨ ਫਿਕਸ਼ਨ ਦੇ ਰੂਪ ਵਿਚ ਵਿਚਾਰਿਆ ਜਾ ਸਕਦਾ ਹੈ।

## ਹਵਾਲੇ


- ਗਰੇਵਾਲ, ਅਮਰਜੀਤ. "ਉਤਰ-ਮਾਨਵਵਾਦ ਦੇ ਸਮਿਆਂ ਵਿਚ ਵਗਦੀ ਸਿਰਜਣਧਾਰਾ: ਆਰਟੀਫਸ਼ੀਅਲ ਇੰਟਟੈਲੀਜੈਂਸ ਦੇ ਪ੍ਰਸੰਗ ਵਿਚ". **ਸੰਵਾਦ ਅੰਕ-18 (ਜੁਲਾਈ-ਦਸੰਬਰ, 2023)**, ਪੰਨੇ. 23-31.
- ਉਹੀ, **ਸੋ ਦਰੁ** ਸ਼ਬਦਲੋਕ ਪ੍ਰਕਾਸ਼ਨ, ਲੁਧਿਆਣਾ, 2023.
- ਮਨਮੋਹਨ(ਡਾ.). "ਸੋ ਦਰੁ: ਮਨੁੱਖੀ ਭਵਿੱਖ ਦਾ ਗਿਆਨਾਤਮਕ ਪ੍ਰਵਚਨ" **ਸੰਵਾਦ ਅੰਕ-18 (ਜੁਲਾਈ-ਦਸੰਬਰ, 2023)**, ਪੰਨੇ. 45-52.
- Braidotti, Rose. **The Posthuman**. Polity press, Cambridge, 2013.
- Clarke, Bruce. **The Cambridge Companion to Literature and the Posthuman** Cambridge University Press, Cambridge, 2017
- Hassan, Ihab. Prometheus as performer: Towards a post humanist Culture. **The Georgia Review. Vol. 31, No. 4** (Winter 1977), pp. 830-850.


◈